# ਅੰਮ੍ਰਿਤ ਕੀਰਤਨ

ਸਤੰਬਰ 2007




ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# Amrit Kirtan

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 9 ◆ ਸਾਲ ਉਨ੍ਹੀਵਾਂ ◆ ਸਤੰਬਰ 2007



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 (43 of 1961) vide CIT/CHD/Tech./04-05/375 dated 30.04.2004/ 05.05.2004 valid upto 31.03.2007

**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- ਵਿਦੇਸ਼: ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।



**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630

e-mail: drjagirsingh@gmail.com



| | |
|---|---|
| **ਮਿਤ੍ਰ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 3 |
| **ਗੁਰਬਾਣੀ ਸੰਗੀਤ ਦੇ ਨੈਤਿਕ ਸਰੋਕਾਰ - ਭਾਗ-2**<br>*ਡਾ. ਹਰਭਜਨ ਸਿੰਘ* | 4 |
| **ਇਹ ਵੀ ਪੁਰਸਕਾਰ ਹੀ ਹਨ**<br>*ਕਰਮ ਸਿੰਘ ਰਤਨ* | 9 |
| **ਸੁਰਾਂ ਦੇ ਵਣਜਾਰੇ - ਭਾਈ ਮੁਨਸ਼ਾ ਸਿੰਘ (ਕਪੂਰਥਲਾ)**<br>*ਤੀਰਥ ਸਿੰਘ ਢਿੱਲੋਂ* | 15 |
| **ਗੁਰੂ ਘਰ ਦੇ ਕੀਰਤਨੀਏ ਭਾਈ ਯਸ਼ਪਾਲ ਸਿੰਘ**<br>*ਸੁਰਜੀਤ ਸਿੰਘ ਜੰਡਿਆਲਾ* | 16 |
| **ਪੰਜਾਬੀ ਗਾਇਕੀ ਦਾ ਇਕ ਸਦੀ ਦਾ ਵਿਰਸਾ ਸਾਂਭੀ ਬੈਠਾ ਹੈ - ਗੁਰਮੁਖ ਸਿੰਘ ਲਾਲੀ**<br>*ਬੂਟਾ ਸਿੰਘ ਚੌਹਾਨ* | 17 |
| **ਗੁਰਮਤਿ ਸੰਗੀਤ ਨੂੰ ਸਮਰਪਿਤ - ਇਕ ਅਮਰੀਕਨ ਬੀਬੀ ਜੇਨ ਪਰੋਟੋਪੋਪਸ**<br>*ਗੁਰਜੰਟ ਸਿੰਘ ਰਾਹੀ* | 20 |
| **ਸੁਰ ਲਿਪੀ**<br>*ਹਰਦੀਪ ਕੌਰ* | 22 |
| **ਸੁਰ ਲਿਪੀ ਵਾਲੇ ਸ਼ਬਦ ਦੇ ਅਰਥ**<br>*ਹਰਦੀਪ ਕੌਰ* | 24 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 98145 25351

# ਮਿਤ੍ਰ ਅਸਾਡੜੇ ਸੇਈ

♦ ਦਾਸ ਇਸ ਥਾਂ ਤੇ ਬੱਚਿਆਂ ਨੂੰ ਪੰਜਾਬੀ ਦੀ ਪੜ੍ਹਾਈ ਕਰਾ ਰਿਹਾ ਹੈ। ਅਦਾਰੇ ਦਾ ਨਾਮ ਸੰਤ ਅਕਾਲੀ ਕੌਰ ਸਿੰਘ ਵਿੱਦਿਆ ਕੇਂਦਰ ਰੱਖਿਆ ਹੈ। ਇਸ ਵਕਤ 45 ਬੱਚੇ ਪੜ੍ਹ ਰਹ ਹਨ। ਇਹ ਸਭ ਕੁਝ ਆਪ ਜੀ ਵਾਂਗ ਸਹਿਯੋਗੀਆਂ ਦੀ ਮਦਦ ਨਾਲ ਹੋ ਰਿਹਾ ਹੈ। ਕਿਰਪਾ ਕਰਕੇ ਆਪ ਜੀ ਅੰਮ੍ਰਿਤ ਕੀਰਤਨ ਹਰ ਮਹੀਨੇ ਭੇਜਣਾ, ਆਪ ਜੀ ਦੀ ਮੇਹਰਬਾਨੀ ਹੋਵੇਗੀ।

*ਪਰੇਮ ਸਿੰਘ,*
*ਗੁਰਦੁਆਰਾ ਸਿੰਘ ਸਭਾ ਠਕਰਾਈ, ਜ਼ਿਲ੍ਹਾ ਕਿਸ਼ਤਾਵਰ*
*(ਜੰਮੂ-ਕਸ਼ਮੀਰ)*

♦ ਅਗਸਤ ਅੰਕ ਬੇਹੱਦ ਪਸੰਦ ਆਇਆ। ਗੁਰਮਤਿ ਸੰਗਤੀ ਸੰਭਾਲ ਤੇ ਸੀ.ਡੀ. ਪ੍ਰੋਜੈਕਟ ਬਾਰੇ ਭਾਈ ਅਵਤਾਰ ਸਿੰਘ ਦੇ ਵਿਚਾਰ ਬੇਹੱਦ ਪਸੰਦ ਆਏ। ਕਲਾ ਦੀ ਕਦਰ ਕਰਉ ਬੇਨੰਤੀਆਂ ਦੇ ਤਹਿਤ ਡਾ. ਜਾਗੀਰ ਸਿੰਘ ਜੀ ਦੀ ਤਹਿਰੀਰ ਕਾਬਲੇ ਤਾਰੀਫ਼ ਸੀ। ਗੁਰਬਾਣੀ ਸੰਗੀਤ ਦੇ ਨੈਤਿਕ ਸਰੋਕਾਰ ਲੇਖ ਵਲੋਂ ਡਾ. ਹਰਭਜਨ ਸਿੰਘ, ਧੰਨ ਸੁ ਰਾਗ ਸੁਰੰਗੜੇ ਲੇਖ ਵਲੋਂ ਕਰਤਾਰ ਸਿੰਘ ਨੀਲਧਾਰੀ ਭਾਈ ਅਮਰਜੀਤ ਸਿੰਘ ਗੁਲਜ਼ਾਰ ਬਾਰੇ ਜਾਣਕਾਰੀ ਵਲੋਂ ਕਮਲੇਸ਼ ਸਿੰਘ (ਸ਼ਰਮਾ) ਭਾਈ ਸ਼ੁਕੀਨ ਸਿੰਘ ਬਾਰੇ ਜਾਣਕਾਰੀ ਵਲੋਂ ਗੁਰਜੰਤ ਸਿੰਘ ਰਾਹੀ ਪ੍ਰਾਚੀਨ ਧਾਰਮਿਕ ਗ੍ਰੰਥੋਂ ਕੇ ਅਧਾਰ ਸਤੰਭ ਭਗਤੀ ਔਰ ਸੰਗੀਤ ਵਲੋਂ ਸੰਤੋਖ ਕਾਸਰ, ਕੀਰਤਨ ਵਾਲੇ ਲੇਖ ਡਾ. ਬੀ.ਐਸ. ਰਤਨ ਆਦਿਕ ਲੇਖ ਬਹੁਤ ਹੀ ਵਧੀਆ ਸਨ, ਖੋਜ ਭਰਪੂਰ ਸਨ। ਰਾਗ ਟੋਡੀ ਵਿਚ ਤਿੰਨ ਤਾਲ ਦੀ ਬੰਦਿਸ਼ ਅਤੇ ਸੁਰਲਿਪੀ ਵਾਲੇ ਸ਼ਬਦ ਬਹੁਤ ਹੀ ਕਾਬਲੇ ਤਾਰੀਫ਼ ਸਨ।

*ਮੰਗਤ ਸਿੰਘ ਮਸਤਾਨਾ*
*ਸੰਗਮ ਰੇਡੀਓ ਅਤੇ ਟੀਵੀ ਕਾਲਜ, ਮਲੋਟ*

♦ I am grateful to you for the CD sent, we are enjoying your kirtan which has a depth indeed.

Commander S.S. Sandhu
A-202, Shila Lekh, Shahi Bagh, Ahmdabad

# ਸੋਝੀ

ਪਿਛੇ ਜਿਹੇ ਮੇਰੇ ਮਿੱਤਰ ਡਾ. ਪ੍ਰੀਤਮ ਸਿੰਘ ਅਮਰੀਕਾ ਤੋਂ ਆਏ ਸਨ। ਉਨ੍ਹਾਂ ਦੀ ਸੰਗਤ ਵਿਚ ਹਮੇਸ਼ਾ ਕੁਝ ਮਹੱਤਵਪੂਰਨ ਗੱਲਾਂ ਸਿੱਖਣ ਨੂੰ ਮਿਲਦੀਆਂ ਹਨ। ਜਦੋਂ ਉਹ ਨਿਊਜ਼ੀਲੈਂਡ ਹੁੰਦੇ ਸਨ ਉਦੋਂ ਉਨ੍ਹਾਂ ਕੋਲ ਉਥੇ ਗਿਆ ਸੀ। ਮੈਨੂੰ ਉਨ੍ਹਾਂ ਅਮਰੀਕਾ ਵੀ ਬੁਲਾਇਆ ਸੀ। ਉਨ੍ਹਾਂ ਨੇ ਆਪਣੇ ਭਰਾ ਸ. ਗੁਰਿੰਦਰ ਸਿੰਘ ਨਾਲ ਮਿਲ ਕੇ 'ਕਰਤਾ' ਨਾਮਕ ਕੰਪਨੀ ਖੋਲ੍ਹੀ ਸੀ। ਇਸ ਕੰਪਨੀ ਦੇ ਨਾਮ ਵਾਲਾ ਕੱਪ ਅਜੇ ਮੇਰੇ ਕੋਲ ਹਨ। ਸਵੇਰੇ ਜਦੋਂ ਇਸ ਕੱਪ ਵਿਚ ਕਾਫ਼ੀ ਪੀਂਦਾ ਹਾਂ ਤਾਂ ਡਾਕਟਰ ਪ੍ਰੀਤਮ ਸਿੰਘ ਦੀ ਯਾਦ ਆਪਣੇ ਆਪ ਆ ਜਾਂਦੀ ਹੈ। ਉਨ੍ਹਾਂ ਦੀ ਬੇਟੀ ਸੀਮਾ ਜੋ ਨਿਊਜ਼ੀਲੈਂਡ ਵਿਚ ਸੀ ਦੀ ਯਾਦ ਵੀ ਆ ਜਾਂਦੀ ਹੈ। ਡਾਕਟਰ ਸਾਹਿਬ ਨੇ ਸੀਮਾ , ਉਸਦੇ ਬੱਚਿਆਂ ਅਤੇ ਪਤੀ ਦੀਆਂ ਤਸਵੀਰਾਂ ਦਿਖਾਈਆਂ। ਬੜਾ ਚੰਗਾ ਲੱਗਾ।

ਡਾਕਟਰ ਸਾਹਿਬ ਨੇ ਦਸਿਆ ਕਿ ਹੁਣ ਉਨ੍ਹਾਂ ਇਕ ਸੰਸਥਾ ਬਣਾਈ ਹੈ, ਜਿਸ ਦਾ ਨਾਮ ਰੱਖਿਆ ਹੈ 'ਸੋਝੀ'। ਉਨ੍ਹਾਂ ਨਾਲ ਗੱਲਬਾਤ ਕਰਦਿਆਂ ਕੁਝ ਸੋਝੀ-ਭਰਪੂਰ ਗੱਲਾਂ ਪ੍ਰਾਪਤ ਹੋਈਆਂ। ਸੋਝੀ ਬੜਾ ਭਾਵਪੂਰਤ ਸ਼ਬਦ ਹੈ। ਜੇ ਮਨੁੱਖ ਨੂੰ ਸੋਝੀ ਆ ਜਾਵੇ ਕਿ ਕੀ ਚੰਗਾ ਹੈ ਕੀ ਮਾੜ੍ਹਾ ਹੈ ਤਾਂ ਜੀਵਨ ਸੁਖੀ ਹੋ ਜਾਵੇ। ਸੋਝੀ ਲਈ ਸੰਗਤ ਜ਼ਰੂਰੀ ਹੈ। ਜਦੋਂ ਅਸੀਂ 'ਸੰਗਤ' ਸ਼ਬਦ ਬੋਲਦੇ ਹਾਂ ਤਾਂ ਸਾਡੇ ਮਨ ਵਿਚ ਕਿਸੇ ਗੁਰਦੁਆਰੇ , ਮੰਦਰ, ਸਮਾਗਮ ਆਦਿ ਦਾ ਸੰਕਲਪ ਪੈਦਾ ਹੁੰਦਾ ਹੈ। ਇਹ ਵੀ ਸੰਗਤ ਹੈ ਇਸ ਤੋਂ ਵੀ ਕੁਝ ਨਾ ਸੋਝੀ ਆ ਸਕਦੀ ਹੈ। ਪਰ ਅਸੀਂ ਹੋਰ ਤਰੀਕਿਆਂ ਨਾਲ ਵੀ ਸੰਗਤ ਕਰਦੇ ਹਾਂ। ਕਿਸੇ ਪੁਸਤਕ ਨੂੰ ਪੜ੍ਹਦਿਆਂ ਅਸੀਂ ਉਸ ਦੇ ਲੇਖਕ ਨਾਲ ਸੰਗਤ ਕਰਦੇ ਹਾਂ। ਟੀ.ਵੀ. ਦੇਖਦਿਆਂ ਉਥੇ ਜੋ ਹੋ ਰਿਹਾ ਹੈ ਉਸਦੀ ਸੰਗਤ ਕਰਦੇ ਹਾਂ। ਜੋ ਅਸੀਂ ਬੋਲਦੇ ਹਾਂ ਉਨ੍ਹਾਂ ਸ਼ਬਦਾਂ, ਅਰਥਾਂ ਤੇ ਵਿਚਾਰਾਂ ਦੀ ਸੰਗਤ ਕਰਦੇ ਹਾਂ।

ਮੁਹਾਵਰਾ ਜਾਂ ਅਖੌਤ ਹੈ ਜੈਸੀ ਸੰਗਤ ਵੈਸੀ ਰੰਗਤ। ਇਸ ਬਾਰੇ ਕਈ ਵਾਰ ਅਸੀਂ ਸੋਚਦੇ ਹਾਂ ਜੇ ਅਸੀਂ ਕਿਸੇ ਬੁਰੇ ਨਾਲ ਬੈਠਾਂਗੇ ਤਾਂ ਅਸੀਂ ਬੁਰੇ ਹੋਵਾਂਗੇ। ਪਰ ਐਸਾ ਨਹੀਂ ਹੈ। ਬੁਰਾ ਬੋਲਣ ਨਾਲ ਵੀ ਬੁਰੇ ਹੋ ਸਕਦੇ ਹਾਂ। ਬੁਰਾ ਸੋਚਣ ਨਾਲ ਵੀ ਬੁਰੇ ਹੋ ਸਕਦੇ ਹਾਂ। ਅਸਲ ਵਿਚ ਆਪਣੀ ਸੋਚ ਉਤੇ ਕਾਬੂ ਪਾਉਣ ਦੀ ਲੋੜ ਹੈ। ਜੇ ਅਸੀਂ ਹਰ ਵੇਲੇ ਚੰਗਾ ਸੋਚਾਂਗੇ ਤਾਂ ਚੰਗਿਆਈ ਸਾਡੇ ਅੰਦਰ ਵਾਪਰੇਗੀ। ਫਿਰ ਇਹੀ ਚੰਗਿਆਈ ਬਾਹਰ ਵਾਪਰੇਗੀ।

ਬੁਰਾ ਸੋਚਣ ਲਈ ਕਿਸੇ ਯਤਨ ਦੀ ਲੋੜ ਨਹੀਂ ਪੈਂਦੀ। ਆਪਣੇ ਆਪ ਸੋਚਿਆ ਜਾਂਦਾ ਹੈ ਪਰ ਚੰਗਾ ਸੋਚਣ ਲਈ ਯਤਨ ਕਰਨਾ ਪੈਂਦਾ ਹੈ। ਜਿਵੇਂ ਕਿਸੇ ਖੇਤ ਵਿਚ 'ਨਦੀਨ' ਤਾਂ ਆਪਣੇ ਪੈਦਾ ਹੋ ਜਾਂਦੇ ਹਨ ਪਰ ਮਨ ਚਾਹੀ ਫਸਲ ਉਗਾਉਣ ਲਈ ਯਤਨ ਕਰਨਾ ਪੈਂਦਾ ਹੈ। ਇਸ ਲਈ ਜ਼ਰੂਰੀ ਹੈ ਕਿ ਅਸੀਂ ਯਤਨ ਕਰਕੇ ਚੰਗਾ ਸੋਚੀਏ, ਯਤਨ ਕਰਕੇ ਚੰਗਾ ਪੜ੍ਹੀਏ, ਯਤਨ ਕਰਕੇ ਚੰਗਾ ਬੋਲੀਏ। ਯਤਨ ਕਰਕੇ ਚੰਗੀਆਂ ਆਦਤਾਂ ਧਾਰਨ ਕਰੀਏ। ਚੰਗੀਆਂ ਆਦਤਾਂ ਬੜੇ ਯਤਨ ਨਾਲ ਧਾਰਨ ਕੀਤੀਆਂ ਜਾਂਦੀਆਂ ਹਨ ਪਰ ਬੁਰੀਆਂ ਆਦਤਾਂ ਆਪਣੇ ਆਪ ਹੀ ਆ ਜਾਂਦੀਆਂ ਹਨ। ਇਹਨਾਂ ਸਾਰੀਆਂ ਗੱਲਾਂ ਨਾਲ ਇਕ ਸੋਝੀ ਪ੍ਰਾਪਤ ਹੋਈ ਹੈ। ਸਚਮੁਚ ਡਾਕਟਰ ਪ੍ਰੀਤਮ ਸਿੰਘ ਜਿਹੇ ਮਿੱਤਰਾਂ ਤੇ ਮੈਨੂੰ ਮਾਣ ਹੈ। ਇਨ੍ਹਾਂ ਨੂੰ ਮਿਲ ਕੇ ਹਮੇਸ਼ਾ ਇਕ ਸੱਜਰੀ ਸੋਝੀ ਪ੍ਰਾਪਤ ਹੁੰਦੀ ਹੈ।

# ਗੁਰਬਾਣੀ ਸੰਗੀਤ ਦੇ ਨੈਤਿਕ ਸਰੋਕਾਰ-ਭਾਗ 2

ਡਾ. ਹਰਭਜਨ ਸਿੰਘ

*(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)*

ਗੁਰਬਾਣੀ ਦੀ ਨੈਤਿਕਤਾ ਦਾ ਮੂਲ -ਅਧਾਰ ਸੱਚ ਹੈ। ਸੱਚ ਪਰਮੇਸ਼ਰ ਹੈ ਅਤੇ ਪਰਮੇਸ਼ਰ ਸੱਚ ਹੈ। ਸੱਚ ਉਤੇ ਵਿਸ਼ਵਾਸ਼ ਕਰਕੇ ਜਦੋਂ ਮਨੁੱਖ ਸੱਚ ਨੂੰ ਆਪਣੇ ਅਮਲ ਦਾ ਨਿਯਮਤ ਅੰਗ ਬਣਾ ਲੈਂਦਾ ਹੈ, ਤਾਂ ਉਹ ਨੈਤਿਕਤਾ ਦੀ ਉਸ ਅੰਤਿਮ ਸਿਖਰ ਨੂੰ ਪ੍ਰਾਪਤ ਕਰ ਲੈਂਦਾ ਹੈ, ਜਿਸ ਤੋਂ ਉਪਰ ਹੋਰ ਕੁਝ ਨਹੀਂ। ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ਦਾ ਇਹੋ ਭਾਵ ਹੈ। ਕੀਰਤਨ ਰਾਹੀਂ ਮਨ ਨੂੰ ਸੱਚ ਉਤੇ ਟਿਕਾਣ ਦਾ ਯਤਨ ਕੀਤਾ ਜਾਂਦਾ ਹੈ। ਸ਼ਿਰੋਮਣੀ ਰਾਗ ਸਿਰੀ ਰਾਗ ਦੀ ਉਤਮਤਾ ਦਸਦਿਆਂ ਗੁਰਦੇਵ ਨੇ ਕਿਹਾ ਹੈ ਕਿ ਇਸ ਰਾਗ ਨੂੰ ਗਾਣਾ ਤਾਂ ਹੀ ਕਲਿਆਣਕਾਰੀ ਹੋ ਸਕਦਾ ਹੈ, ਜੋ ਇਸ ਰਾਹੀਂ ਮਨੁੱਖ ਦੇ ਮਨ ਵਿਚ ਸੱਚ ਲਈ ਸਨੇਹ ਪੈਦਾ ਹੋ ਸਕੇ, ਸੱਚ ਮਨ ਵਿਚ ਟਿਕ ਸਕੇ, ਬੁੱਧੀ ਉਚੀ ਤੇ ਨਿਰਮਲ ਹੋ ਸਕੇ, ਅਨਮੋਲ ਦੁਰਲਭ ਗੁਣਾਂ ਦੀ ਪ੍ਰਾਪਤੀ ਹੋ ਸਕੇ, ਇੰਦਰੀਆਂ ਅਤੇ ਮਨ ਸਹਿਤ ਸਾਰਾ ਸਰੀਰ ਸੱਚ ਵਿਚ ਟਿਕ ਜਾਵੇ ਅਤੇ ਮਨੁੱਖ ਦਾ ਵਿਵਹਾਰ ਸੱਚਾ ਹੋ ਜਾਵੇ-

*ਰਾਗਾਂ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥*
*ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ ॥*
*ਰਤਨੁ ਅਮੋਲਕੁ ਪਾਇਆ ਗੁਰ ਕਾ ਸਬਦੁ ਬੀਚਾਰੁ ॥*
*ਜਿਹਵਾ ਸਚੀ ਮਨੁ ਸਚਾ ਸਚਾ ਸਰੀਰ ਅਕਾਰੁ ॥*
*ਨਾਨਕ ਸਚੈ ਸਤਿਗੁਰਿ ਸੇਵਿਐ ਸਦਾ ਸਚੁ ਵਾਪਾਰੁ ॥1 ॥*

(ਸਿਰੀ ਰਾਗ, ਮਹਲਾ 4, ਪੰਨਾ 83)

ਗੁਰਬਾਣੀ ਕੀਰਤਨ ਨਾ ਸਿਰਫ਼ ਮਨੋਰੰਜਨ ਦਾ ਸਾਧਨ ਹੈ ਅਤੇ ਨਾ ਹੀ ਕਲਾ ਪਰਦਰਸ਼ਨ ਦਾ ਵਸੀਲਾ। ਇਸ ਦਾ ਮੁੱਖ ਨਿਸ਼ਾਨਾ ਦੈਵੀ-ਗੁਣਾਂ ਦੁਆਰਾ ਮਨੁੱਖ ਦੇ ਮਨ, ਬਚਨ ਅਤੇ ਕਰਮ ਵਿਚ ਨੈਤਿਕਤਾ ਦਾ ਸੰਚਾਰ ਕਰਨਾ ਹੈ। ਸਿੱਖ ਧਰਮ ਪਰਲੋਕ ਦੇ ਸੁੱਖਾਂ ਦੀ ਲਾਲਸਾ ਨੂੰ ਰੋਕ ਕੇ ਇਸ ਲੋਕ ਨੂੰ ਸੁਖਮਈ ਬਣਾਉਣ ਉਤੇ ਜੋ ਦੇਂਦਾ ਹੈ। ਇਸ ਲੋਕ ਨੂੰ ਸੁਖੀ ਬਣਾਉਣ ਦੀ ਜ਼ਿੰਮੇਵਾਰੀ ਇਥੋਂ ਦੀ ਸਿਰਦਾਰ ਮਾਨਵ-ਜੋਨੀ ਉਤੇ ਹੈ। ਇਸ ਤਰਾਂ ਸੁਖੀ ਵਾਤਾਵਰਣ ਤਿਆਰ ਕਰਨ ਵਾਸਤੇ ਮਨੁੱਖ ਦੇ ਮਨੁੱਖ ਨਾਲ ਸੰਬੰਧ ਸੁਧਾਰਨੇ ਜ਼ਰੂਰੀ ਹਨ ਅਤੇ ਇਸ ਨਿਸ਼ਾਨੇ ਦੀ ਪੂਰਤੀ ਸੁਭ ਅਮਲ ਦੁਆਰਾ ਹੋ ਸਕਦੀ ਹੈ। ਸੁਭ-ਅਮਲ ਵਾਸਤੇ ਅੰਤਹਕਰਣ ਦੇ ਜਿਸ ਪਰਿਵਰਤਨ ਦੀ ਜ਼ਰੂਰਤ ਹੈ, ਉਸ ਦੀ ਪ੍ਰਾਪਤੀ ਦਾ ਮਾਧਿਅਮ ਗੁਰਬਾਣੀ ਗਾਇਨ ਹੈ। ਇਹੋ ਕਾਰਨ ਹੈ ਕਿ ਗੁਰੂ ਗ੍ਰੰਥ ਸਾਹਿਬ ਸਿਰੀ, ਗੂਜਰੀ, ਵਡਹੰਸ, ਸੋਰਠਿ, ਧਨਾਸਰੀ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਕੇਦਾਰਾ, ਬਸੰਤ, ਮਲਾਰ ਆਦਿ ਰਾਗਾਂ ਦੇ ਸੰਬੰਧ ਵਿਚ ਸਲੋਕ ਉਚਾਰਨ ਕਰ ਕੇ ਇਹ ਪ੍ਰੇਰਨਾ ਦਿੱਤੀ ਗਈ ਹੈ ਕਿ ਇਹਨਾਂ ਸੁਭ-ਰਾਗਾਂ ਦਾ ਗਾਇਨ ਤਾਂ ਹੀ ਸ਼ੋਭਨੀਕ ਹੋ ਸਕਦਾ ਹੈ, ਜੇ ਇਹ ਮਨੁੱਖ ਦੀ ਮਨ-ਬੁੱਧੀ ਨੂੰ ਦੈਵੀ-ਗੁਣਾਂ ਨਾਲ ਪ੍ਰਕਾਸ਼ਮਾਨ ਕਰ ਸਕੇ, ਤਾਂ ਕਿ ਪ੍ਰਕਾਸ਼ਮਾਨ ਮਨ-ਬੁੱਧੀ ਵਾਲਾ ਮਨੁੱਖ ਆਪਣੇ ਅਮਲ ਰਾਹੀਂ ਸਦਗੁਣੀ ਜੀਵਨ ਜੀਣ ਦੀ ਮਿਸਾਲ਼ ਬਣ ਕੇ ਹੋਰਾਂ ਨੂੰ ਇਸ ਮਾਰਗ ਉਤੇ ਚੱਲਣ ਦਾ ਉਤਸ਼ਾਹ ਦੇਵੇ।

ਗੁਰਬਾਣੀ ਕਹਿੰਦੀ ਹੈ ਕਿ ਛੋਟੀ ਜਾਤੀ ਨਾਲ ਸੰਬੰਧਿਤ ਗਵਾਲਿਆਂ ਦਾ ਪ੍ਰਿਅ ਰਾਗ ਗੂਜਰੀ ਤੁਛ ਭਾਵ ਗੁਣਹੀਨ ਵਿਅਕਤੀਆਂ ਨੂੰ ਉਚਤਮ ਇਨਸਾਨ ਬਣਾ ਸਕਦਾ ਹੈ, ਜੇ ਇਸ ਰਾਹੀਂ ਗੁਣ-ਸਾਗਰ ਅਕਾਲ-ਪੁਰਖ ਦੀ ਮਹਿਮਾ ਗਾਈ ਜਾਵੇ। ਬੁਰੇ ਕੰਮ ਕਰਨ ਤੋਂ ਬਚਣ ਵਾਸਤੇ ਪਰਮੇਸ਼ਰ ਦਾ ਭੈਅ ਮਨ ਵਿਚ ਹੋਵੇ, ਸਰੀਰ ਵਿਚੋਂ ਵਿਕਾਰਾਂ ਦੀ ਮੈਲ ਗੂਜਰੀ ਰਾਹੀਂ ਮਹਿਮਾ ਗਾ ਕੇ ਦੂਰ ਕਰ ਲਈ ਜਾਵੇ, ਤਾਂ ਅੰਤਹਕਰਣ ਵਿਚ ਚਾਨਣ ਹੋਣ ਕਾਰਨ ਬੁਰੇ ਲੱਛਣਾਂ ਵਾਲਾ ਆਚਾਰਹੀਨ ਵਿਅਕਤੀ ਗੰਭੀਰ ਦੈਵੀ-ਗੁਣਾਂ ਨੂੰ ਪ੍ਰਾਪਤ ਕਰਕੇ ਆਚਾਰਵੰਤ ਹੋ ਜਾਂਦਾ ਹੈ। ਉਸ ਦੇ ਮਨ ਤੋਂ ਦੁਰਗੁਣਾਂ ਦੀ ਮੈਲ ਧੋਤੀ ਜਾਂਦੀ ਹੈ ਅਤੇ ਸਰੀਰਕ ਕਰਮ ਪਵਿੱਤਰ ਹੋ ਜਾਂਦਾ ਹੈ। ਉਹ ਭੈਅ ਵਿਚ ਭਾਵ ਅਨੁਸ਼ਾਸਨ ਵਿਚ ਉਠਦਾ, ਬੈਠਦਾ, ਵਿਚਰਦਾ ਅਤੇ ਕੰਮ ਕਾਜ-ਕਰਦਾ ਹੈ, ਅਰਥਾਤ ਉਸ ਦਾ ਜੀਵਨ ਪੂਰੀ ਤਰ੍ਹਾਂ ਅਨੁਸ਼ਾਸਿਤ ਹੋ ਜਾਂਦਾ ਹੈ। ਉਹ ਦੁਰਗੁਣਾਂ ਤੋਂ ਪ੍ਰੇਰਿਤ ਅਵਗਿਆ ਦਾ ਸ਼ਿਕਾਰ ਨਹੀਂ ਹੁੰਦਾ, ਮਾਇਆ ਦਾ ਮੋਹ ਦੂਰ ਹੋ ਜਾਂਦਾ ਹੈ, ਸੱਚੇ ਮਾਰਗ ਤੇ ਚੱਲਣ ਦੀ ਨਿਰਭੈਤਾ ਮਿਲ ਜਾਂਦੀ ਹੈ। ਉਸ ਨੂੰ ਝੂਠ ਅਤੇ ਖੁਸ਼ਾਮਦ ਰਾਹੀਂ ਪ੍ਰਾਪਤ ਕੀਤੀ

ਮਹਿਮਾ ਨਹੀਂ , ਬਲਕਿ ਸਭ ਨੂੰ ਸੁਖਦ ਲੱਗਣ ਵਾਲੀ ਸੱਚੀ ਵਡਿਆਈ ਪ੍ਰਾਪਤ ਹੋ ਜਾਂਦੀ ਹੈ। ਗੁਰੂ ਅਮਰਦਾਸ ਜੀ ਕਹਿੰਦੇ ਹਨ-

*ਸਲੋਕੁ ਮ: 3 ॥*
*ਗੁਜਰੀ ਜਾਤਿ ਗਵਾਰਿ ਜਾ ਸਹੁ ਪਾਏ ਆਪਣਾ ॥*
*ਗੁਰ ਕੇ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ ॥*
*ਜਿਸ ਸਤਿਗੁਰੁ ਮਿਲੈ ਤਿਸੁ ਭਉ*
*ਪਵੈ ਸਾ ਕੁਲਵੰਤੀ ਨਾਰਿ ॥*
*ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ*
*ਕ੍ਰਿਪਾ ਕੀਤੀ ਕਰਤਾਰਿ ॥*
*ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਤਾਰਿ ॥*
*ਭੈ ਪਇਐ ਮਲੁ ਕਟੀਐ ਨਿਰਮਲ ਹੋਵੈ ਸਰੀਰੁ ॥*
*ਅੰਤਰਿ ਪਰਗਾਸੁ ਮਤਿ ਊਤਮ ਹੋਵੈ*
*ਹਰਿ ਜਪਿ ਗੁਣੀ ਗਹੀਰੁ ॥*
*ਭੈ ਵਿਚਿ ਬੈਸੈ ਭੈ ਰਹੈ ਭੈ ਵਿਚਿ ਕਮਾਵੈ ਕਾਰ ॥*
*ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥*
*ਭੈ ਤੇ ਨਿਰਭਉ ਪਾਈਐ ਮਿਲਿ ਜੋਤੀ ਜੋਤਿ ਅਪਾਰ ॥*
*ਨਾਨਕ ਖਸਮੈ ਭਾਵੈ ਸਾ ਭਲੀ*
*ਜਿਸ ਨੋ ਆਪੇ ਬਖਸੈ ਕਰਤਾਰੁ ॥ 1 ॥*

(ਗੂਜਰੀ (ਵਾਰ), ਮਹਲਾ 3, ਸਫਾ 516)

ਰਾਗ ਵਡਹੰਸ ਨੂੰ ਗੁਰਬਾਣੀ ਵਿਚ ਵਡਾ ਹੰਸ ਭਾਵ ਨਿਰਮਲ-ਵਿਵੇਕ ਵਾਲਾ ਮਨੁੱਖ ਬਣਾ ਦਿੱਤਾ ਗਿਆ ਹੈ। ਗੁਰਮੁਖ ਕੀਰਤਨਕਾਰ ਜਦੋਂ ਵਡਹੰਸ ਦੀਆਂ ਰਸ-ਭਿੰਨੀਆਂ ਸੁਰਾਂ ਵਿਚ ਹਰੀ-ਜੱਸ ਅਲਾਪਦਾ ਹੈ, ਤਾਂ ਉਸ ਦੇ ਹਿਰਦੇ ਵਿਚ ਗੁਣੀ-ਨਿਧਾਨ ਅਕਾਲ-ਪੁਰਖ ਦਾ ਸੱਚਾ ਨਾਮ ਟਿਕ ਜਾਂਦਾ ਹੈ। ਉਹ ਵੱਡਾ ਵਿਵੇਕੀ ਹੋ ਜਾਂਦਾ ਹੈ, ਗੁਣ-ਗਾਣ ਰਾਹੀਂ ਸੱਚ ਗ੍ਰਹਿਣ ਕਰਦਾ ਹੈ, ਹਮੇਸ਼ਾਂ ਸੱਚ ਵਿਚ ਜਿਊਂਦਾ ਹੈ ਅਤੇ ਸੱਚ ਦੇ ਮੂਲ-ਸ੍ਰੋਤ ਨਾਲ ਪਿਆਰ ਕਰਦਾ ਹੈ। ਉਸ ਦੇ ਜੀਵਨ ਨੂੰ ਕਾਮਾਦਿ ਦੀ ਮੈਲ ਕਦੇ ਨਹੀਂ ਲਗਦੀ ਅਤੇ ਉਹ ਪਵਿੱਤਰ ਜੀਵਨ ਬਤੀਤ ਕਰਦਾ ਹੈ। ਗੁਰੂ ਅਮਰਦਾਸ ਜੀ ਦਾ ਕਥਨ ਹੈ-

*ਸਲੋਕ ਮ: 3 ॥*
*ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿ ਧਾਰਿ ॥*
*ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ ॥*
*ਸਦਾ ਨਿਰਮਲ ਮੈਲੁ ਨਾ ਲਗਈ*
*ਨਦਰਿ ਕੀਤੀ ਕਰਤਾਰਿ ॥*
*ਨਾਨਕ ਹਉ ਤਿਨ ਕੈ ਬਲਿਹਾਰਣੈ*
*ਜੋ ਅਨਦਿਨੁ ਜਪਹਿ ਮੁਰਾਰਿ ॥1 ॥*

ਵਡਹੰਸ (ਵਾਰ), ਮਹਲਾ 4, ਸਫਾ 585

ਮੇਘ ਦੀ ਰਾਗਨੀ ਸੋਰਠ ਦਾ ਗਾਇਨ ਸਦਾ ਹੀ ਰਸਦਾਇਕ ਹੁੰਦਾ ਹੈ, ਜੇ ਗਾਇਨ-ਕਰਤਾ ਨਿੰਦਿਆ ਦੀ ਆਦਤ ਤੋਂ ਮੁਕਤ ਹੋ ਜਾਵੇ। ਅਜਿਹੇ ਗਾਇਕ ਦੇ ਮਨ ਵਿਚ ਵੈਰ-ਵਿਰੋਧ ਨਹੀਂ ਰਹਿੰਦਾ, ਜੀਭ ਉਤੇ ਸੱਚ ਦਾ ਨਿਵਾਸ ਹੋ ਜਾਂਦਾ ਹੈ, ਭਾਵ ਉਹ ਝੂਠ ਅਤੇ ਨਿੰਦਿਆ ਤੋਂ ਨਿਰਲੇਪ ਰਹਿੰਦਾ ਹੈ। ਉਸ ਨੂੰ ਅਨੁਸ਼ਾਸਿਤ ਜੀਵਨ ਬਿਤਾਉਣ ਦਾ ਵੱਲ ਆ ਜਾਂਦਾ ਹੈ, ਸੇਵਾ ਕਰਨ ਦੀ ਝਿਜਕ ਦੂਰ ਹੋ ਜਾਂਦੀ ਹੈ ਜੀਵਨ ਵਿਚੋਂ ਦਿਖਾਵੇ ਦਾ ਅਭਾਵ ਹੋ ਜਾਂਦਾ ਹੈ, ਵਿਕਾਰਮਈ ਬਿਰਤੀਆਂ ਰੁਕ ਜਾਂਦੀਆਂ ਹਨ, ਤ੍ਰਿਗੁਣੀ ਮਾਇਆ ਦਾ ਸਬਲ-ਪ੍ਰਭਾਵ ਨਸ਼ਟ ਹੋ ਜਾਂਦਾ ਹੈ ਅਤੇ ਸੁਧ ਆਚਾਰ ਵਾਲੇ ਭਾਗਸ਼ਾਲੀ ਵਿਅਕਤਿਤਵ ਦਾ ਨਿਰਮਾਨ ਹੋ ਜਾਂਦਾ ਹੈ। ਸੋਰਠਿ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ-

*ਸੋਰਠਿ ਸਦਾ ਸੁਹਾਵਣੀ ਜੇ ਸਚਾ ਮਨਿ ਹੋਇ ॥*
*ਦੰਦੀ ਮੈਲੁ ਨ ਕਤੁ ਮਨਿ ਜੀਭੈ ਸਚਾ ਸੋਇ ॥*
*ਸਸੁਰੈ ਪੇਈਐ ਭੈ ਵਸੀ ਸਤਿਗੁਰੁ ਸੇਵਿ ਨਿਸੰਗ ॥*
*ਪਰਹਰਿ ਕਪੜੁ ਜੇ ਪਿਰ ਮਿਲੈ*
*ਖੁਸੀ ਰਾਵੈ ਪਿਰੁ ਸੰਗਿ ॥*
*ਸਦਾ ਸੀਗਾਰੀ ਨਾਉ ਮਨਿ ਕਦੇ ਨ ਮੈਲੁ ਪਤੰਗੁ ॥*
*ਦੇਵਰ ਜੇਠ ਮੁਏ ਦੁਖਿ ਸਸੂ ਕਾ ਡਰੁ ਕਿਸੁ ॥*
*ਜੇ ਪਿਰ ਭਾਵੈ ਨਾਨਕਾ ਕਰਮ ਮਣੀ ਸਭੁ ਸਚੁ ॥1 ॥*

(ਸੋਰਠਿ (ਵਾਰ), ਮਹਲਾ 4, ਸਫਾ 642)

ਧਨਾਸਰੀ ਗਾਉਣ ਵਾਲਾ ਉਹ ਪੁਰਖ ਭਾਗਸ਼ਾਲੀ ਹੈ, ਜਿਸ ਦਾ ਅਮਲੀ-ਜੀਵਨ ਸਤਿਗੁਰੂ ਦੇ ਉਪਦੇਸ਼ ਅਨੁਰੂਪ ਸਵੱਛ ਹੈ। ਉਹ ਆਪਣਾ ਸਰੀਰ ਅਤੇ ਮਨ ਗੁਰੂ ਦੇ ਹੁਕਮ ਤੋਂ ਕੁਰਬਾਨ ਕਰ ਦੇਂਦਾ ਹੈ। ਉਸ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਧਨਾਸਰੀ ਰਾਹੀਂ ਪਰਮੇਸ਼ਰ ਦੇ ਗੁਣ ਗਾਏ ਤਾਂ ਹੀ ਪ੍ਰਵਾਨ ਹੋ ਸਕਦੇ ਹਨ, ਜੇ ਸੱਚ ਦਾ ਪੱਲਾ ਚੰਗੀ ਤਰ੍ਹਾਂ ਪਕੜਿਆ ਜਾਵੇ। ਉਹ ਗੁਣਾਂ ਅਤੇ ਚੰਗਿਆਈਆਂ ਦਾ ਸਿਰੋਪਾਉ ਪਹਿਨਣ ਵਿਚ ਸਨਮਾਨ ਸਮਝਦਾ ਹੈ, ਸੰਸਾਰ ਦੀ ਝੂਠੀ ਸ਼ੁਹਰਤ ਉਸ ਵਾਸਤੇ ਮਹੱਤਵਹੀਣ ਹੈ। ਉਹ ਸੱਚੀ ਸੋਭਾ ਦਾ ਆਨੰਦ ਮਾਣਨ ਦਾ ਚਾਹਵਾਨ ਹੁੰਦਾ ਹੈ। ਇਸ ਪ੍ਰਥਾਇ ਲਿਖਿਆ ਹੈ:

*ਧਨਾਸਰੀ ਧਨਵੰਤੀ ਜਾਣੀਐ ਭਾਈ*
*ਜਾਂ ਸਤਿਗੁਰ ਕੀ ਕਾਰ ਕਮਾਇ ॥*
*ਤਨੁ ਮਨੁ ਸਉਪੇ ਜੀਅ ਸਉ ਭਾਈ*
*ਲਏ ਹੁਕਮਿ ਫਿਰਾਉ ॥*

*ਜਹ ਬੈਸਾਵਹਿ ਬੈਸਹ ਭਾਈ ਜਹ ਭੇਜਹਿ ਤਹ ਜਾਉ॥*
*ਏਵਡੁ ਧਨੁ ਹੋਰੁ ਕੋ ਨਹੀ ਭਾਈ ਜੇਵਡੁ ਸਚਾ ਨਾਉ॥*
*ਸਦਾ ਸਚੇ ਕੇ ਗੁਣ ਗਾਵਾਂ ਭਾਈ*
*ਸਦਾ ਸਚੇ ਕੈ ਸੰਗਿ ਰਹਾਉ॥*
*ਪੈਨਣੁ ਗੁਣ ਚੰਗਿਆਈਆ ਭਾਈ*
*ਆਪਣੀ ਪਤਿ ਕੇ ਸਾਦ ਆਪੇ ਖਾਇ॥*

ਸਲੋਕ (ਵਧੀਕ), ਮਹਲਾ 3, ਸਫਾ 1419

ਸੂਹੀ ਰਾਗ ਦਾ ਗਾਇਨ ਕਰਨਾ ਭੇਖੀਆਂ ਦਾ ਕੰਮ ਨਹੀਂ ਹੈ। ਇਹ ਉਹੋ ਗਾ ਸਕਦੇ ਹਨ ਜਿਨ੍ਹਾਂ ਨੇ ਭਲੀ ਪਰਕਾਰ ਰੂਹ ਦੀ ਸਫ਼ਾਈ ਕਰ ਲਈ ਹੈ। ਗੁਰਮੁਖ ਸੂਹੀ-ਗਾਇਕਾਂ ਦੇ ਜੀਵਨ ਦਾ ਸ਼ਿੰਗਾਰ ਸੱਚ ਹੈ। ਸੱਚੇ ਆਚਾਰ ਦਾ ਆਧਾਰ ਸੱਚ ਹੀ ਉਨ੍ਹਾਂ ਵਾਸਤੇ ਸੂਹਾ ਸ਼ਿੰਗਾਰ ਹੈ। ਇਹੋ ਜਿਹੇ ਸ਼ਿੰਗਾਰ ਨੂੰ ਧਾਰਨ ਕੀਤਿਆਂ ਉਨ੍ਹਾਂ ਦੇ ਮਨ ਵਿਚ ਅਨੈਤਿਕਤਾ ਦੀ ਮੈਲ ਕਦੇ ਨਹੀਂ ਟਿਕ ਸਕਦੀ। ਰਾਤ-ਦਿਨ ਉਹਨਾਂ ਦੇ ਹਿਰਦੇ ਵਿਚ ਕਰਤਾ-ਪੁਰਖ ਅਤੇ ਉਸ ਦੀ ਸਾਜੀ ਖ਼ਲਕਤ ਲਈ ਪ੍ਰੇਮ-ਭਾਵ ਪ੍ਰਫੁਲਿਤ ਹੁੰਦਾ ਰਹਿੰਦਾ ਹੈ। ਸੂਹੀ ਦਾ ਅਜਿਹਾ ਗਾਇਨ ਕੀਰਤਨਕਾਰ ਦੇ ਹਿਰਦੇ ਨੂੰ ਵਿਕਾਰ-ਮੁਕਤ ਅਤੇ ਮੁਖ ਨੂੰ ਉਜਲਾ ਕਰਦਾ ਹੈ। ਉਹਨਾਂ ਦੇ ਜੀਵਨ ਤੇ ਚੜ੍ਹੀ ਦੈਵੀ-ਚੰਗਿਆਈਆਂ ਦੀ ਰੰਗਤ ਸਦਾ ਵਧਦੀ ਹੈ, ਕਦੇ ਘਟਦੀ ਨਹੀਂ -

*ਸਲੋਕ ਮ: 3॥*
*ਸੂਹਬ ਤਾ ਸੋਹਾਗਣੀ ਜਾ ਮੰਨਿ ਲੈਹਿ ਸਚੁ ਨਾਉ॥*
*ਸਤਿਗੁਰੁ ਅਪਣਾ ਮਨਾਇ ਲੈ ਰੂਪੁ*
*ਚੜੀ ਤਾ ਅਗਲਾ ਦੂਜਾ ਨਾਹੀ ਥਾਉ॥*
*ਐਸਾ ਸੀਗਾਰੁ ਬਣਾਇ ਤੂ ਮੈਲਾ*
*ਕਦੇ ਨ ਹੋਵਈ ਅਹਿਨਿਸ ਲਾਗੈ ਭਾਉ॥*
*ਨਾਨਕ ਸੋਹਾਗਣਿ ਕਾ ਕਿਆ ਚਿਹਨੁ ਹੈ*
*ਅੰਦਰਿ ਸਚੁ ਮੁਖੁ ਉਜਲਾ ਖਸਮੈ ਮਾਹਿ ਸਮਾਇ॥1॥*
*ਲੋਕਾ ਵੇ ਹਉ ਸੂਹਵੀ ਸੂਹਾ ਵੇਸੁ ਕਰੀ॥*
*ਵੇਸੀ ਸਹੁ ਨ ਪਾਈਐ ਕਰਿ ਕਰਿ ਵੇਸ ਰਹੀ॥*
*ਨਾਨਕ ਤਿਨੀ ਸਹੁ ਪਾਇਆ*
*ਜਿਨੀ ਗੁਰ ਕੀ ਸਿਖ ਸੁਣੀ॥*
*ਜੋ ਤਿਸੁ ਭਾਵੈ ਸੋ ਥੀਐ ਇਨ ਬਿਧਿ ਕੰਤ ਮਿਲੀ॥2॥*

ਸੂਹੀ (ਵਾਰ), ਮਹਲਾ 3, ਸਫਾ 785

ਬਿਲਾਵਲ ਖੁਸ਼ੀਆਂ ਅਤੇ ਚਾਅਵਾਂ ਦਾ ਰਾਗ ਮੰਨਿਆ ਜਾਂਦਾ ਹੈ। ਪਰ ਇਹ ਚਾਅ ਮਨ ਦੇ ਸ਼ੌਂਕ ਨਹੀਂ, ਨਾ ਹੀ ਇਹ ਖੁਸ਼ੀਆਂ ਪਦਾਰਥ-ਜਨਿਤ ਹਨ। ਇਹ ਸੁਖ ਆਤਮਿਕ ਹਨ ਅਤੇ ਤਦੋਂ ਜਨਮੇਂ ਹਨ ਜਦੋਂ ਗੁਰੂ ਦੇ ਕੀਰਤਨਕਾਰ ਨੇ ਸੁਰ-ਸਾਜ਼ ਨਾਲ ਸ਼ਬਦ ਦਾ ਭਲਾ ਸੰਗਮ ਕੀਤਾ। ਬਿਲਾਵਲ ਰਾਗ ਅਤੇ ਸਾਜ਼ ਦੀਆਂ ਸੁਰਾਂ ਨੇ ਜਦੋਂ ਸ਼ਬਦ ਦਾ ਸੰਗ ਕੀਤਾ ਤਾਂ ਉਹਨਾਂ ਨੂੰ ਵੀ ਸ਼ਬਦ ਦੀ ਪਵਿੱਤਰਤਾ ਮਿਲ ਗਈ। ਗੁਰਮੁਖ ਸਹਿਜ-ਧਿਆਨ ਵਿਚ ਲੀਨਤਾ ਲਈ ਬਿਲਾਵਲ ਰਾਹੀਂ ਗੁਰਬਾਣੀ ਨੂੰ ਪ੍ਰੇਮ ਸਹਿਤ ਗਾਂਦੇ ਹਨ। ਮਨਮੁਖਾਂ ਵਲੋਂ ਧਨ ਦੀ ਪ੍ਰਾਪਤੀ ਲਈ ਕੀਤਾ ਬਿਲਾਵਲ-ਗਾਇਨ ਨਿਰਾਰਥਕ ਹੈ, ਜਿਸ ਦਾ ਨਾ ਗਾਇਕ ਨੂੰ ਲਾਭ ਹੁੰਦਾ ਹੈ, ਨਾ ਸ੍ਰੋਤੇ ਨੂੰ ਕੋਈ ਪ੍ਰਾਪਤੀ ਹੁੰਦੀ ਹੈ। ਗੁਰਮੁਖਾਂ ਦੀ ਬਿਲਾਵਲ-ਗਾਇਕੀ ਵਿਚੋਂ ਉਹ ਬ੍ਰਹਮ-ਵਿਚਾਰ ਸਫੁਟਿਤ ਹੁੰਦੀ ਹੈ, ਜੋ ਹਿਰਦੇ ਵਿਚ ਗੁਣਾਂ ਦਾ ਉਥਾਨ ਕਰਦੀ ਹੈ, ਚਿਤ ਦੀ ਅਸਥਿਰਤਾ ਨੂੰ ਦੂਰ ਕਰਦੀ ਹੈ, ਸਮੁੱਚੀ ਮਾਨਵਤਾ ਨੂੰ ਇੱਕ-ਸੂਤ੍ਰ ਵਿਚ ਪਰੋਂਦੀ ਹੈ, ਮਨ-ਬੁੱਧੀ ਵਿੱਚ ਸੇਵਾ ਦੇ ਭਾਵ ਉਪਜਾਂਦੀ ਹੈ ਅਤੇ ਅਹੰਕਾਰ ਦੀ ਕਰੂਰਤਾ ਨੂੰ ਨਸ਼ਟ ਕਰ ਦੇਂਦੀ ਹੈ। ਜਿਨ੍ਹਾਂ ਗੁਰਮੁਖਾਂ ਦਾ ਬਿਲਾਵਲ ਗਾਉਣਾ ਸੱਚ ਦੀ ਪ੍ਰਾਪਤੀ ਲਈ ਹੈ, ਪਾਖੰਡ-ਭਗਤੀ ਉਨ੍ਹਾਂ ਦੇ ਜੀਵਨ ਵਿਚ ਪ੍ਰਵੇਸ਼ ਨਹੀਂ ਕਰ ਸਕਦੀ। ਜੋਤੀ-ਜੋਤਿ ਮਿਲਾਪ ਦੀ ਅਦਵੈ-ਸਥਿਤੀ ਵਿਚ ਆਨੰਦਿਤ ਅਜਿਹੇ ਕੀਰਤਨਕਾਰ ਭਲੇ ਲੋਕਾਂ ਦੀ ਸੰਗਤ ਵਿਚ ਪ੍ਰੇਮ ਸਹਿਤ ਬੈਠ ਕੇ ਗਾਇਨ ਕਰਦੇ ਹਨ। ਉਨ੍ਹਾਂ ਕੋਲ ਗੁਣਾਂ ਨਾਲ ਸੰਵਾਰੇ ਸੋਹਣੇ ਜੀਵਨ ਦੀ ਮਹਿਕ ਦੇ ਅਮਿਤ ਭੰਡਾਰ ਮੌਜੂਦ ਹਨ, ਗੁਰਵਾਕ ਹੈ-

*ਮ: 3॥*
*ਬਿਲਾਵਲੁ ਤਬ ਹੀ ਕੀਜੀਐ ਜਬ ਮੁਖਿ ਹੋਵੈ ਨਾਮੁ॥*
*ਰਾਗ ਨਾਦ ਸਬਦਿ ਸੋਹਣੇ ਜਾ ਲਾਗੈ ਸਹਜ ਧਿਆਨੁ॥*
*ਰਾਗ ਨਾਦ ਛੋਡਿ ਹਰਿ ਸੇਵੀਐ*
*ਤਾ ਦਰਗਹ ਪਾਈਐ ਮਾਨੁ॥*
*ਨਾਨਕ ਗੁਰਮੁਖਿ ਬ੍ਰਹਮ ਬੀਚਾਰੀਐ*
*ਚੂਕੈ ਮਨਿ ਅਭਿਮਾਨੁ॥2॥*
*ਸਲੋਕ ਮ: 3॥*
*ਦੂਜੈ ਭਾਇ ਬਿਲਾਵਲੁ ਨ ਹੋਵਈ*
*ਮਨਮੁਖਿ ਥਾਇ ਨ ਪਾਇ॥*
*ਪਾਖੰਡਿ ਭਗਤਿ ਨ ਹੋਵਈ*
*ਪਾਰਬ੍ਰਹਮੁ ਨ ਪਾਇਆ ਜਾਇ॥*
*ਮਨਹਠਿ ਕਰਮ ਕਮਾਵਣੇ ਥਾਇ ਨ ਕੋਈ ਪਾਇ॥*
*ਨਾਨਕ ਗੁਰਮੁਖਿ ਆਪੁ ਬੀਚਾਰੀਐ*
*ਵਿਚਹੁ ਆਪੁ ਗਵਾਇ॥*
*ਆਪੇ ਆਪਿ ਪਾਰਬ੍ਰਹਮ ਹੈ*
*ਪਾਰਬ੍ਰਹਮ ਵਸਿਆ ਮਨਿ ਆਇ॥*

*ਜੰਮਣੁ ਮਰਨਾ ਕਟਿਆ ਜੋਤੀ ਜੋਤਿ ਮਿਲਾਇ ॥1 ॥*
*ਮ: 3 ॥*
*ਬਿਲਾਵਲੁ ਕਰਿਹੁ ਤੁਮ੍ਹ ਪਿਆਰਿਹੋ*
*ਏਕਸੁ ਸਿਉ ਲਿਵ ਲਾਇ ॥*
*ਜਨਮ ਮਰਨ ਦੁਖੁ ਕਟੀਐ ਸਚੇ ਰਹੈ ਸਮਾਇ ॥*
*ਸਦਾ ਬਿਲਾਵਲ ਆਨੰਦ ਹੈ*
*ਜੇ ਚਲਹਿ ਸਤਿਗੁਰ ਭਾਇ ॥*
*ਸਤਸੰਗਤੀ ਬਹਿ ਭਾਉ ਕਰਿ*
*ਸਦਾ ਹਰ ਕੇ ਗੁਣ ਗਾਇ ॥*
*ਨਾਨਕ ਸੇ ਜਨ ਸੋਹਣੇ*
*ਜਿ ਗੁਰਮੁਖਿ ਮੇਲਿ ਮਿਲਾਇ ॥2 ॥1*

ਬਿਲਾਵਲੁ (ਵਾਰ), ਮਹਲਾ 4, ਸਫਾ 849

ਰਾਮਕਲੀ ਰਾਗ ਦਾ ਗਾਇਨ ਕਰਕੇ ਗੁਰਮੁਖਾਂ ਦਾ ਜੀਵਨ ਗੁਣਾਂ ਦੀ ਖੁਸ਼ਬੋਈ ਨਾਲ ਸ਼ਿੰਗਾਰਿਆ ਜਾਂਦਾ ਹੈ, ਕਿਉਂ ਕਿ ਸ਼ਬਦ ਰਾਹੀਂ ਇਕੋ ਅਦਵੈ ਦੈਵੀ-ਸੱਤਾ ਦੀ ਹਰ ਤਰਫ਼ ਵਿਆਪਕਤਾ ਦੀ ਸਮਝ ਆ ਜਾਂਦੀ ਹੈ। ਰਾਮਕਲੀ ਵਿਚ ਪ੍ਰਭੂ ਦੀ ਮਹਿਮਾ ਗਾਣ ਵਾਲਿਆਂ ਦਾ ਹਿਰਦਾ ਸ਼ਬਦ ਦੇ ਚਾਨਣ ਰਾਹੀਂ ਵਿਕਾਰ-ਮੁਕਤ ਹੋ ਕੇ ਕਮਲ ਫੁੱਲ ਵਾਂਗ ਖਿੜ ਜਾਂਦਾ ਹੈ। ਸੰਸਾਰ ਦਵੈਤ-ਭਾਵ ਦੀ ਅਗਨੀ ਵਿਚ ਅਸ਼ਾਂਤ ਹੈ, ਪਰ ਗੁਰਮੁਖਾਂ ਦਾ ਅਨੰਦਮਈ ਗਾਇਨ ਵਿਸ਼ਿਆਂ ਵਿਚ ਤਪਦੇ ਸੰਸਾਰ ਅੰਦਰ ਅਦਵੈ-ਬ੍ਰਹਮ ਦੇ ਨਾਮ ਦੀ ਵਰਖਾ ਰਾਹੀ ਸੁਖਦ ਵਾਤਾਵਰਣ ਨਿਰਮਿਤ ਕਰਦਾ ਹੈ। ਸ਼ਬਦ ਰਾਹੀਂ ਰਾਮਕਲੀ ਗਾਉਣ ਵਾਲੇ ਕੀਰਤਨਕਾਰ ਦੀ ਪਦਾਰਥਕ ਭਟਕਣਾ ਅਤੇ ਅਗਿਆਨ ਦਾ ਅੰਧੇਰਾ ਸਮੂਲ ਨਸ਼ਟ ਹੋ ਜਾਂਦੇ ਹਨ। ਉਹ ਮਾਇਆ ਦੀ ਸੋਭਾ ਵਿਚ ਪੈ ਕੇ ਅਨੈਤਿਕ ਤਰੀਕੇ ਨਾਲ ਧਨ ਇਕੱਤਰ ਨਹੀਂ ਕਰਦੇ, ਬਲਕਿ ਗੁਣ-ਗਾਇਨ ਰਾਹੀਂ ਅੰਦਰ-ਸੰਚਿਤ ਸਦਗੁਣਾਂ ਦੇ ਭੰਡਾਰ ਨੂੰ ਸਭ ਨਾਲ ਸਾਂਝਿਆਂ ਕਰ ਕੇ ਅਚਾਰਵੰਤ ਸਮਾਜ ਦੀ ਸਿਰਜਨਾ ਵਿਚ ਯੋਗਦਾਨ ਦੇਂਦੇ ਹਨ। ਉਹ ਭਲੇ ਅਤੇ ਬੁਰੇ ਨੂੰ ਇੱਕ-ਸਮਾਨ ਜਾਣਨ ਦੀ ਅਦਵੈਤ ਨੂੰ ਪ੍ਰਾਪਤ ਕਰ ਲੈਂਦੇ ਹਨ ਅਤੇ ਸਾਰੇ ਜੀਵਾਂ ਨੂੰ ਇਕੋ ਹੀ ਕ੍ਰਿਤੀ ਜਾਣ ਕੇ ਸਭ ਨਾਲ ਪਿਆਰ ਭਰਿਆ ਵਰਤਾਅ ਕਰਦੇ ਹਨ-

*ਮ:3 ॥*
***ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥***
***ਗੁਰ ਕੇ ਸਬਦਿ ਕਮਲੁ***
***ਬਿਗਸਿਆ ਤਾ ਸਉਪਿਆ ਭਗਤਿ ਭੰਡਾਰੁ ॥***
***ਭਰਮੁ ਗਇਆ ਤਾ ਜਾਗਿਆ***
***ਚੂਕਾ ਅਗਿਆਨ ਅੰਧਾਰੁ ॥***
***ਤਿਸ ਨੋ ਰੂਪੁ ਅਤਿ ਅਗਲਾ***
***ਜਿਸੁ ਹਰਿ ਨਾਲਿ ਪਿਆਰੁ ॥***
***ਸਦਾ ਰਵੈ ਪਿਰੁ ਆਪਣਾ ਸੋਭਾਵੰਤੀ ਨਾਰਿ ॥***
***ਮਨਮੁਖਿ ਸੀਗਾਰੁ ਨ ਜਾਣਨੀ***
***ਜਾਸਨਿ ਜਨਮੁ ਸਭੁ ਹਾਰਿ ॥***
***ਬਿਨ ਹਰਿ ਭਗਤੀ ਸੀਗਾਰੁ ਕਰਹਿ***
***ਨਿਤ ਜੰਮਹਿ ਹੋਇ ਖੁਆਰੁ ॥***
***ਸੰਸਾਰੈ ਵਿਚਿ ਸੋਭ ਨ ਪਾਇਨੀ***
***ਅਗੈ ਜਿ ਕਰੇ ਸੁ ਜਾਣੈ ਕਰਤਾਰ ॥***
***ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ ॥***
***ਚੰਗੈ ਮੰਦੈ ਆਪਿ ਲਾਇਅਨੁ ਸੋ***
***ਕਰਨਿ ਜਿ ਆਪਿ ਕਰਾਏ ਕਰਤਾਰੁ ॥2 ॥***

ਰਾਮਕਲੀ (ਵਾਰ), ਮਹਲਾ3, ਸਫਾ 950

ਮਾਰੂ ਦਾ ਗਾਇਨ ਗੁਰੂ ਸ਼ਬਦ ਦੀ ਵਿਚਾਰ ਰਾਹੀ ਮਨ ਨੂੰ ਸਮਝਾਉਣ ਵਾਸਤੇ ਹੈ। ਮਨ ਨੂੰ ਦੁਰਗਣਾਂ ਤੋਂ ਹਟਾ ਕੇ ਸਦਗੁਣਾਂ ਉਤੇ ਕੇਂਦ੍ਰਿਤ ਕਰਨਾ ਹੈ। ਮਾਰੂ ਰਾਗ ਵਿਚ ਸੋਹਲੇ ਗਾਉਣ ਵਾਲੇ ਗੁਰਮੁਖਾਂ ਦਾ ਰਸਤਾ ਤਿਆਗ ਵਾਲਾ ਨਹੀਂ ਹੈ। ਉਹ ਨਾ ਬੀਆਬਾਨਾਂ ਵਿਚ ਜਾਂਦੇ ਹਨ, ਨਾ ਮਨ ਨੂੰ ਮਾਰਨ ਦੀ ਨਿਰਾਰਥਕ ਕਿਰਿਆ ਦਾ ਸ਼ਿਕਾਰ ਹੁੰਦੇ ਹਨ। ਉਹ ਸੰਸਾਰ ਵਿਚ ਰਹਿ ਕੇ ਸਾਰਥਕ ਪਰਉਪਕਾਰੀ ਜੀਵਨ ਬਤੀਤ ਕਰਦਿਆਂ ਮਨ ਨੂੰ ਗੁਰੂ ਦੇ ਕਲਿਆਣਕਾਰੀ ਉਪਦੇਸ਼ ਨਾਲ ਸਮਝਾ ਕੇ ਸ਼ੁੱਧ ਹੋਏ ਮਨ-ਤਨ ਨੂੰ ਮਨੁੱਖਤਾ ਦੇ ਸਰਵਾਂਗੀ ਵਿਕਾਸ ਵਾਸਤੇ ਸਮਰਪਿਤ ਕਰ ਦੇਂਦੇ ਹਨ-

*ਮ: 3 ॥*
***ਮਾਰੂ ਮਾਰਣ ਜੋ ਗਏ ਮਾਰਿ ਨ ਸਕਹਿ ਗਵਾਰ ॥***
***ਨਾਨਕ ਜੇ ਇਹੁ ਮਾਰੀਐ ਗੁਰ ਸਬਦੀ ਵੀਚਾਰਿ ॥***
***ਏਹੁ ਮਨੁ ਮਾਰਿਆ ਨਾ ਮਰੈ ਜੇ ਲੋਚੈ ਸਭੁ ਕੋਇ ॥***
***ਨਾਨਕ ਮਨ ਹੀ ਕਉ ਮਨੁ ਮਾਰਸੀ***
***ਜੇ ਸਤਿਗੁਰੁ ਭੇਟੈ ਸੋਇ ॥2 ॥***

ਮਾਰੂ (ਵਾਰ), ਮਹਲਾ 3, ਸਫਾ 1089-90

ਕੇਦਾਰ ਨੂੰ ਗੁਰੂ ਜੀ ਨੇ ਇਕ ਸ੍ਰੇਸ਼ਠ ਰਾਗ ਹੋਣ ਦਾ ਸਨਮਾਨ ਦਿੱਤਾ ਹੈ। ਗੁਰੂ ਜੀ ਕਹਿੰਦੇ ਹਨ ਕਿ ਕੇਦਾਰ ਦੀ ਸ੍ਰੇਸ਼ਠਤਾ ਤਾਂ ਹੀ ਕਾਇਮ ਰਹਿ ਸਕਦੀ ਹੈ, ਜੇ ਗਾਇਕ ਦਾ ਗੁਣਾਂ ਦੇ ਸੋਮੇ ਸ਼ਬਦ ਨਾਲ ਦਿਲੀ ਪਿਆਰ ਹੋਵੇ। ਇਸ ਉਤਮ ਰਾਗ ਨੂੰ ਸੁਚੱਜ ਸਹਿਤ ਉਹ ਗੁਣੀ-ਜਨ ਗਾਉਂਦੇ ਹਨ, ਜੋ ਧਨ-ਸੰਪਤੀ ਵਿਚ ਚਿੱਤ ਨੂੰ

ਡੋਲਣ ਨਹੀਂ ਦਿੰਦੇ, ਬਲਕਿ ਸੱਚ ਨਾਲ ਅੰਤ੍ਰੀਵ ਪਿਆਰ ਕਰਦੇ ਹਨ, ਹਿਰਦੇ ਨੂੰ ਲੱਗੀ ਵਿਕਾਰਾਂ ਦੀ ਮੈਲ ਦੂਰ ਕਰਦੇ ਹਨ ਅਤੇ ਔਗੁਣਾਂ ਨੂੰ ਸਾੜ ਕੇ ਗੁਣ ਪੂੰਜੀ ਨੂੰ ਹਿਰਦੇ ਵਿਚ ਸੰਚਿਤ ਕਰ ਲੈਂਦੇ ਹਨ-

*ਸਲੋਕੁ ਮ: 3 ॥*
*ਕੇਦਾਰਾ ਰਾਗਾ ਵਿਚਿ ਜਾਣੀਐ*
*ਭਾਈ ਸਬਦੇ ਕਰੇ ਪਿਆਰੁ ॥*
*ਸਤਸੰਗਤਿ ਸਿਉ ਮਿਲਦੋ ਰਹੈ ਸਚੇ ਧਰੇ ਪਿਆਰੁ ॥*
*ਵਿਚਹੁ ਮਲੁ ਕਟੇ ਆਪਣੀ ਕੁਲਾ ਕਾ ਕਰੇ ਉਧਾਰੁ ॥*
*ਗੁਣਾ ਕੀ ਰਾਸਿ ਸੰਗ੍ਰਹੈ ਅਵਗਣ ਕਢੈ ਵਿਡਾਰਿ ॥*
*ਨਾਨਕ ਮਿਲਿਆ ਸੋ ਜਾਣੀਐ ਗੁਰੂ*
*ਨਾ ਛੋਡੈ ਆਪਣਾ ਦੂਜੈ ਨ ਧਰੇ ਪਿਆਰੁ ॥1 ॥*

ਮਾਰੂ (ਵਾਰ), ਮਹਲਾ 3, ਸਫਾ 1087

ਬਸੰਤ ਦੀ ਰੁੱਤ ਵਿਚ ਹਰ ਤਰਫ਼ ਬਸੰਤ-ਗਾਇਨ ਦੀ ਮਧੁਰਤਾ ਵਿਸਤ੍ਰਿਤ ਹੋ ਜਾਂਦੀ ਹੈ। ਇਸ ਰੁੱਤੇ ਇੰਜ ਲਗਦਾ ਹੈ, ਜਿਵੇਂ ਹੋਰ ਸਾਰੇ ਰਾਗਾਂ ਦਾ ਗਾਇਨ ਫਿੱਕਾ ਹੋ ਗਿਆ ਹੈ, ਧਰਤੀ ਅਤੇ ਆਕਾਸ਼ ਬਸੰਤ ਗਾਇਨ ਕਰ ਕੇ ਖਿੜੇ ਹੋਏ ਪ੍ਰਤੀਤ ਹੁੰਦੇ ਹਨ। ਪਰ ਗੁਰਬਾਣੀ ਦਾ ਮੱਤ ਹੈ ਕਿ ਬਸੰਤ ਉਹਨਾਂ ਦਾ ਗਾਇਆ ਸਾਰਥਕ ਹੈ, ਜਿੰਨ੍ਹਾਂ ਨੇ ਕਲਹ-ਮੂਲ ਹਉਮੈਮਈ ਚੇਤਨਾ ਨੂੰ ਨਸ਼ਟ ਕਰ ਲਿਆ ਹੈ। ਕੁਦਰਤ ਦੇ ਖਿੜਨ ਅਤੇ ਬਸੰਤ ਦੇ ਰਸਦਾਇਕ ਗਾਇਨ ਨਾਲ ਵਾਸਤਵਿਕ ਆਨੰਦ ਦੀ ਅਨੁਭੂਤੀ ਉਨ੍ਹਾਂ ਨੂੰ ਹੁੰਦੀ ਹੈ, ਜੋ ਦੈਵੀ ਗੁਣਾਂ ਨੂੰ ਮਨ ਵਿਚ ਸੰਚਿਤ ਕਰਦੇ ਹਨ। ਬਸੰਤ ਦੇ ਗਾਇਨ ਨਾਲ ਸੁਭ ਅਮਲ ਨੂੰ ਇਸ ਤਰ੍ਹਾਂ ਸੰਬੰਧਿਤ ਕਰ ਦਿੱਤਾ ਗਿਆ ਹੈ, ਕਿ ਪਰਮੇਸ਼ਰ ਵੀ ਕਰਮ ਰੂਪ ਰੁਖ ਦੀ ਸ਼ਾਖਾ ਦਾ ਰੂਪ ਧਾਰਨ ਕਰ ਗਿਆ ਹੈ। ਕਰਮ ਇੱਕ ਵਿਸ਼ਾਲ ਰੁੱਖ ਹੈ ਤੇ ਪਰਮੇਸ਼ਰ ਇਸ ਦੀ ਇਕ ਟਾਹਣੀ। ਅਧਿਆਤਮਿਕ ਪ੍ਰਾਪਤੀਆਂ ਪੱਤੇ ਹਨ ਅਤੇ ਹਉਮੈ-ਰਹਿਤ ਜੀਵਨ ਹੋਰ ਜੀਵਾਂ ਨੂੰ ਸੁਖਦ ਛਾਂ ਪ੍ਰਦਾਨ ਕਰਨ ਵਾਲਾ ਦੱਸਿਆ ਹੈ। ਅਜਿਹੇ ਉਤਮ ਵਿਚਾਰ ਨੂੰ ਧਾਰਨ ਕਰਕੇ ਗੁਰੂ-ਵਰੋਸਾਏ ਬਸੰਤ ਦਾ ਗਾਇਕ ਸਾਰੀ ਕਾਇਨਾਤ ਵਿਚ ਇਕੋ ਪਾਰਬ੍ਰਹਮ ਦੇ ਦੀਦਾਰ ਕਰਦਾ ਹੈ, ਦਵੈਤ ਤੋਂ ਉਪਜੇ ਉਸ ਦੇ ਸਾਰੇ ਦੁਰਗੁਣ ਨਸ਼ਟ ਹੋ ਜਾਂਦੇ ਹਨ। ਉਸ ਦੇ ਕੰਨਾਂ ਵਿਚ ਨਿਰਮਲ ਬਚਨ ਅਤੇ ਮੂੰਹ ਵਿਚ ਸਾਰੀ ਮਾਨਵਤਾ ਨੂੰ ਇਕ-ਸੂਤ੍ਰ ਵਿਚ ਪ੍ਰੋਣ ਵਾਲਾ ਰੱਬ ਦਾ ਰੂਪ-ਰਹਿਤ ਨਾਮ ਹੁੰਦਾ ਹੈ। ਸੁਭਾਵਿਕ ਉਚੀ ਸੁਰਤਿ ਉਸ ਲਈ ਇੱਜ਼ਤ ਅਤੇ ਦੌਲਤ ਹੁੰਦੇ ਹਨ। ਇਸ ਮਹਾਨ ਰੁੱਤ ਵਿਚ ਸੁਭ ਕਰਮ ਕਰਾਂਗੇ ਤਾਂ ਇਕ ਹਰਿਆ ਭਰਿਆ ਭਾਵ ਤੰਦਰੁਸਤ ਸਮਾਜ ਹੋਂਦ ਵਿਚ ਆਵੇਗਾ, ਜਿਸ ਨੂੰ ਵਿਕਾਰਾਂ ਦੀ ਮਾਰ ਕਦੇ ਸੁਕਾ ਨਹੀਂ ਸਕੇਗੀ। ਅਜਿਹੇ ਉਚੇ ਸਦਾਚਾਰ ਨੂੰ ਬਸੰਤ ਗਾਇਨ ਨਾਲ ਸੰਬੰਧਿਤ ਕਰਦਿਆਂ ਗੁਰੂ ਨਾਨਕ ਦੇਵ ਜੀ ਬੋਲਦੇ ਹਨ-

*ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤੁ ॥*
*ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦੁ ॥1 ॥*
*ਭੋਲਿਆ ਹਉਮੈ ਸੁਰਤਿ ਵਿਸਾਰਿ ॥*
*ਹਉਮੈ ਮਾਰਿ ਬੀਚਾਰਿ ਮਨ*
*ਗੁਣ ਵਿਚਿ ਗੁਣੁ ਲੈ ਸਾਰਿ ॥1 ॥ ਰਹਾਉ ॥*
*ਕਰਮ ਪੇਡੁ ਸਾਖਾ ਹਰੀ ਧਰਮੁ ਫੁਲੁ ਫਲੁ ਗਿਆਨੁ ॥*
*ਪਤ ਪਰਾਪਤਿ ਛਾਵ ਘਣੀ ਚੂਕਾ ਮਨ ਅਭਿਮਾਨੁ ॥2 ॥*
*ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥*
*ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥3 ॥*
*ਮਾਹਾ ਰੁਤੀ ਆਵਣਾ ਵੇਖਹੁ ਕਰਮ ਕਮਾਇ ॥*
*ਨਾਨਕ ਹਰੇ ਨਾ ਸੂਕਹੀ*
*ਜਿ ਗੁਰਮੁਖਿ ਰਹੇ ਸਮਾਇ ॥4 ॥1 ॥*

ਬਸੰਤੁ, ਮਹਲਾ, 1, ਸਫਾ 1168

ਮਲਾਰ ਦਾ ਸੀਤਲ ਸੁਭਾਅ ਉਨ੍ਹਾਂ ਗਾਇਨ ਕਰਨ ਵਾਲਿਆਂ ਦੇ ਮਨ ਨੂੰ ਸੀਤਲਤਾ ਦੇਂਦਾ ਹੈ, ਜਿੰਨ੍ਹਾਂ ਦਾ ਸੁਧ-ਚਿਤ ਪਰਮੇਸ਼ਰ ਦੇ ਚਰਨਾਂ ਵਿਚ ਲੀਨ ਹੋਵੇ। ਅਜਿਹੇ ਗੁਰਮੁਖਾਂ ਦੁਆਰਾ ਕੀਤੀ ਕੀਰਤਨ-ਵਰਖਾ ਸਾਰੀ ਪ੍ਰਿਥਵੀ ਨੂੰ ਸੁੰਦਰਤਾ ਪ੍ਰਦਾਨ ਕਰਦੀ ਹੈ। ਉਨ੍ਹਾਂ ਨੂੰ ਨਾਮ-ਜਲ ਸਾਰੇ ਸੰਸਾਰ ਵਿਚ ਪਸਰਿਆ ਨਜ਼ਰ ਆਉਂਦਾ ਹੈ ਅਤੇ ਇਹ ਨਾਮ-ਜਲ ਇਕ-ਸਮਾਨ ਸਾਰੇ ਜੀਵਾਂ ਦਾ ਆਧਾਰ ਦਿਸਦਾ ਹੈ-

*ਮ: 3 ॥*
*ਮਲਾਰੁ ਸੀਤਲ ਰਾਗੁ ਹੈ ਹਰਿ ਧਿਆਇਐ ਸਾਂਤਿ ਹੋਇ ॥*
*ਹਰਿ ਜੀਉ ਅਪਣੀ ਕ੍ਰਿਪਾ ਕਰੇ ਤਾਂ ਵਰਤੈ ਸਭ ਲੋਇ ॥*
*ਵੁਠੈ ਜੀਆ ਜੁਗਤਿ ਹੋਇ ਧਰਣੀ ਨੋ ਸੀਗਾਰੁ ਹੋਇ ॥*
*ਨਾਨਕ ਇਹੁ ਜਗਤੁ ਸਭੁ ਜਲੁ ਹੈ*
*ਜਲ ਹੀ ਤੇ ਸਭ ਕੋਇ ॥*
*ਗੁਰ ਪਰਸਾਦੀ ਕੋ ਵਿਰਲਾ ਬੂਝੈ*
*ਸੋ ਜਨੁ ਮੁਕਤੁ ਸਦਾ ਹੋਇ ॥2 ॥*

ਮਲਾਰ (ਵਾਰ) ਮਹਲਾ 1, ਸਫਾ 1283

(ਚਲਦਾ......)

*ਪ੍ਰਤਿਕਾ 'ਪੰਚਵਟੀ ਸੰਦੇਸ਼' ਵਿਚੋਂ ਧੰਨਵਾਦ ਸਹਿਤ*

# ਇਹ ਵੀ ਪੁਰਸਕਾਰ ਹੀ ਹਨ

ਕਰਮ ਸਿੰਘ ਰਤਨ

ਸੰਗੀਤ ਦੀ ਸਫ਼ਲਤਾ ਜਾਂ ਪੁਰਸਕਾਰ ਨਿਰਾ ਇਹ ਨਹੀਂ ਹੁੰਦਾ ਕਿ ਸਾਨੂੰ ਕਿਸੇ ਸੰਸਥਾ ਜਾਂ ਕਿਸੇ ਗੌਰਮਿੰਟ ਵਲੋਂ ਕੋਈ ਪੁਰਸਕਾਰ ਮਿਲੇ। ਬਲਕਿ ਪੁਰਸਕਾਰ ਜਾਂ ਸਫ਼ਲਤਾ ਇਹ ਹੁੰਦੀ ਹੈ ਕਿ ਤੁਸੀਂ ਆਵਾਮ ਦੇ ਮਨਾਂ 'ਤੇ, ਦਿਲਾਂ 'ਤੇ ਕਿੰਨੇ ਕੁ ਛਾਏ ਹੋ। ਆਵਾਮ ਵਿਚ ਕਿਨੇ ਕੁ ਹਰਮਨ ਪਿਆਰੇ ਹੋ। ਜੋ ਪੁਰਾਣੇ ਮਹਾਨ ਸੰਗੀਤਕਾਰ ਹੋਏ ਹਨ, ਜਾਂ ਗੁਰੂ ਸਾਹਿਬ ਹੋਏ ਹਨ, ਉਨ੍ਹਾਂ ਨੂੰ ਕਿਤਨੇ ਕੁ ਪੁਰਸਕਾਰ ਜਾਂ ਸਨਮਾਨ ਲੋਕਾਂ ਨੇ ਦਿੱਤੇ ਸਨ। ਸ੍ਰੀ ਕ੍ਰਿਸ਼ਨ ਭਗਵਾਨ ਜੀ, ਸਵਾਮੀ ਹਰੀਦਾਸ ਜੀ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਹੜੀ ਸੰਸਥਾ ਨੇ ਪੁਰਸਕਾਰ ਦਿੱਤਾ ਸੀ। ਲੇਕਿਨ ਇਹ ਹਸਤੀਆਂ ਅਜ ਤਕ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਹੀਆਂ ਹਨ ਅਤੇ ਇਨ੍ਹਾਂ ਤਿੰਨਾਂ ਹਸਤੀਆਂ ਦੇ ਸਬੰਧ ਵਿਚ ਇਹ ਗੱਲ ਮਸ਼ਹੂਰ ਹੈ ਕਿ ਇਹ ਮਹਾਂਪੁਰਸ਼ ਜਦੋਂ ਸੰਗੀਤ ਦੀ ਧੁਨ ਛੇੜਦੇ ਸਨ, ਤਾਂ ਸਾਰੀ ਕੁਦਰਤ ਹੀ ਸੰਗੀਤ ਰੰਗ ਵਿਚ ਰੰਗੀ ਜਾਂਦੀ ਸੀ, ਅਤੇ ਜੰਗਲਾਂ ਦੇ ਜਾਨਵਰ ਵੀ ਸੰਗਤ ਰੂਪ ਵਿਚ ਸਾਹਮਣੇ ਬੈਠ ਕੇ ਸੰਗੀਤ ਸੁਣਦੇ ਸਨ ਅਤੇ ਆਪਣੇ ਵੈਰ ਭਾਵ ਭੁੱਲ ਜਾਂਦੇ ਸਨ। ਉਦੋਂ ਨਾ ਤਾਂ ਅੱਜ ਵਾਂਗ ਹਜ਼ਾਰਾਂ ਸਾਜ਼ ਹੁੰਦੇ ਸਨ, ਨਾ ਹੀ ਆਰਕੈਸਟਰਾ ਹੁੰਦਾ ਸੀ, ਨਾ ਹੀ ਸਪੀਕਰ ਹੁੰਦੇ ਸਨ ਅਤੇ ਨਾ ਹੀ ਰੇਡੀਓ-ਟੀਵੀ ਹੁੰਦੇ ਸਨ। ਲੇਕਿਨ ਸਾਰੀ ਕੁਦਰਤ ਹੀ ਸੰਗੀਤ ਮਈ ਹੋ ਜਾਂਦੀ ਸੀ। ਇਨਸਾਨ ਤਾਂ ਕੀ ਜੰਗਲੀ ਜੀਵਾਂ 'ਤੇ ਵੀ ਸੰਗੀਤ ਦਾ ਜਾਦੂ ਸਿਰ ਚੜ੍ਹ ਬੋਲਦਾ ਸੀ। ਸਾਰੇ ਜੀਵ ਮੰਤਰ ਮੁਗਧ ਹੋ ਜਾਂਦੇ ਸਨ। ਬਸ ਸੰਗੀਤਕਾਰ ਦੀ ਸਫ਼ਲਤਾ ਇਹੀ ਸੀ ਕਿ ਜਦੋਂ ਕੋਈ ਸੰਗੀਤਕਾਰ ਗਾ ਰਿਹਾ ਹੋਵੇ, ਤਾਂ ਉਸ ਦੀ ਆਵਾਜ਼ ਜਿਸ ਦੇ ਕੰਨਾਂ ਵਿਚ ਪਵੇ, ਉਹ ਮੈਗਨਿਟ ਦੀ ਤਰ੍ਹਾਂ ਖਿੱਚਿਆ ਚਲਾ ਆਵੇ, ਤੇ ਉਸ ਦੀ ਵਾਪਸ ਜਾਣ ਦੀ ਹਿੰਮਤ ਨਾ ਪਵੇ। ਸੰਗੀਤਕਾਰ ਜਾਂ ਕੀਰਤਨੀਏ ਅੱਗੋਂ ਬੈਠੀ ਸੰਗਤ ਵੀ ਉਠ ਜਾਵੇ ਤਾਂ ਇਸ ਤੋਂ ਵੱਡਾ ਹੋਰ ਨਿਰਾਦਰ ਕੀਰਤਨੀਏ ਦਾ ਕੀ ਹੋ ਸਕਦਾ ਹੈ। ਸੋ ਲੋਕਾਂ ਦੇ ਦਿਲਾਂ ਵਿਚ ਸੰਗੀਤਕਾਰ ਕੀਰਤਨੀਆਂ ਵੱਸ ਜਾਵੇ, ਬਸ ਇਹੀ ਅਸਲੀ ਸਫ਼ਲਤਾ ਅਤੇ ਇਹੀ ਸਭ ਤੋਂ ਵੱਡਾ ਪੁਰਸਕਾਰ ਹੈ। ਸੋ ਇਸ ਸਬੰਧ ਵਿਚ ਮੈਂ ਕੁਝ ਹੱਡ ਬੀਤੀਆਂ ਘਟਨਾਵਾਂ ਆਪ ਜੀ ਦੇ ਸਾਹਮਣੇ ਰੱਖ ਰਿਹਾ ਹਾਂ।

ਦਾਸ ਨੇ ਜਦੋਂ ਪਹਿਲੀ ਵਾਰ ਆਪਣਾ ਜਥਾ ਕਾਇਮ ਕੀਤਾ ਤਾਂ ਮੇਰੇ ਨਾਲ ਦੋਨੋਂ ਸਾਥੀ ਤਬਲੇ ਵਾਲੇ ਹੀ ਸਨ ਪਰ ਮੈਂ ਇਕ ਨੂੰ ਤਬਲੇ 'ਤੇ ਬਿਠਾ ਲਿਆ ਅਤੇ ਦੂਜੇ ਨੂੰ ਵਾਜੇ 'ਤੇ। ਭਾਈ ਕਰਤਾਰ ਸਿੰਘ ਤਰਨਤਾਰਨੀ ਤਬਲੇ 'ਤੇ ਅਤੇ ਸ. ਮੋਹਨ ਸਿੰਘ ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਜੇ 'ਤੇ ਸਨ। ਅਸੀਂ ਚੰਡੀਗੜ੍ਹ ਗੁਰਦੁਆਰਾ ਸਿੰਘ ਸਭਾ ਸੈਕਟਰ 19 ਡੀ ਵਿਖੇ ਚਲੇ ਗਏ ਅਤੇ ਗਿਆਨੀ ਕੁਲਦੀਪ ਸਿੰਘ ਸੈਕਟਰੀ ਪਾਸੋਂ ਇਕ ਦਿਨ ਹਾਜ਼ਰੀ ਭਰਨ ਦਾ ਟਾਈਮ ਲੈ ਲਿਆ। ਸਵੇਰੇ ਅਸੀਂ ਆਸਾ ਦੀ ਵਾਰ ਦਾ ਕੀਰਤਨ ਕੀਤਾ ਅਤੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਕਮੇਟੀ ਨੇ ਸਾਨੂੰ ਦਫ਼ਤਰ ਵਿਚ ਸੱਦ ਲਿਆ ਤੇ ਸਾਨੂੰ ਸਕੱਤਰ ਸਾਹਿਬ ਨੇ ਕਿਹਾ ਕਿ ਤੁਸੀਂ ਇਕ ਹਫ਼ਤਾ ਹੋਰ ਸੰਗਤ ਨੂੰ ਕੀਰਤਨ ਸੁਣਾਓ। ਸੰਗਤ ਤੁਹਾਡੇ ਕੀਰਤਨ ਤੇ ਬਹੁਤ ਪ੍ਰਸੰਨ ਹੋਈ ਹੈ। ਮੈਨੂੰ ਬਿਲਕੁਲ ਆਸ ਨਹੀਂ ਸੀ ਕਿ ਸਾਡਾ ਕੀਰਤਨ ਇੰਨਾ ਪ੍ਰਭਾਵ ਪਾਵੇਗਾ। ਤਾਂ ਅਸੀਂ ਕਿਹਾ ਜੀ ਠੀਕ ਹੈ, ਕਿਉਂ ਕਿ ਅਸੀਂ ਤਾਂ ਨਵਾਂ ਜਥਾ ਬਣਾਇਆ ਸੀ। ਅਸੀਂ ਤਾਂ ਚਾਹੁੰਦੇ ਹੀ ਸੀ ਕਿ ਸਾਨੂੰ ਹੋਰ ਸਮਾਂ ਮਿਲੇ। ਸੋ ਸੰਗਤ ਦੇ ਕਹਿਣ 'ਤੇ ਅਸੀਂ ਇਕ ਹਫ਼ਤਾ ਉਥੇ ਕੀਰਤਨ ਕੀਤਾ। ਉਥੇ ਕੀਰਤਨ ਕਰਦਿਆਂ ਸਾਡੀ ਖ਼ਬਰ ਗੁਰਦੁਆਰਾ ਸਿੰਘ ਸਭਾ ਸੈਕਟਰ 22, ਚੰਡੀਗੜ੍ਹ ਪਹੁੰਚ ਗਈ ਤੇ ਫਿਰ 22 ਸੈਕਟਰ ਦੀ ਸੰਗਤ ਨੇ ਸਾਡਾ ਇਕ ਹਫ਼ਤੇ ਦਾ ਪ੍ਰੋਗਰਾਮ ਰੱਖ ਲਿਆ। ਜਦੋਂ ਸਾਨੂੰ 19 ਸੈਕਟਰ ਵਿਚੋਂ ਸਭਾ ਨੇ ਵਿਦਾਇਗੀ ਦਿੱਤੀ ਤਾਂ ਪ੍ਰਬੰਧਕ ਕਮੇਟੀ ਨੇ ਸਾਨੂੰ ਕਿਹਾ ਕਿ ਸਭਾ ਦਾ ਵਿਚਾਰ ਰਾਗੀ ਜਥਾ ਬਦਲਣ ਦਾ ਹੈ, ਜੇ ਤੁਹਾਨੂੰ ਅਸੀਂ ਰੱਖਣਾ ਚਾਹੀਏ ਤਾਂ ਕੀ ਤੁਸੀਂ ਡਿਊਟੀ ਪੱਕੇ ਤੌਰ 'ਤੇ ਕਰੋਗੇ? ਅਸੀਂ ਸੈਕਟਰ 22 ਵਿਖੇ ਹਫ਼ਤਾ ਕੀਰਤਨ ਕਰਕੇ ਘਰ ਵਾਪਸ ਆ ਗਏ। ਫਿਰ ਕੋਈ ਮਹੀਨੇ ਬਾਅਦ ਸੈਕਟਰ 19 ਡੀ ਦੇ ਗੁਰਦੁਆਰਾ ਸਾਹਿਬ ਦੀ ਸਟੇਜ ਖਾਲੀ ਹੋ ਗਈ । ਭਾਈ ਸੰਤਾ ਸਿੰਘ ਕੰਵਲ ਉਥੇ ਰਾਗੀ ਲੱਗੇ

ਹੋਏ ਸਨ, ਉਹ ਛੱਡ ਕੇ ਚਲੇ ਗਏ। ਉਸ ਤੋਂ ਬਾਅਦ ਸਭਾ ਨੇ ਕਈ ਰਾਗੀ ਜਥਿਆਂ ਦੀਆਂ ਟਰਾਈਆਂ ਲਈਆਂ, ਪਰ ਕੁਦਰਤੀ ਕਿਸੇ ਵੀ ਰਾਗੀ ਜਥੇ ਦੀ ਗੱਲ ਸਭਾ ਨਾਲ ਫਿਟ ਨਾ ਬੈਠੀ। ਟਰਾਈ ਦੇਣ ਵਾਲਿਆਂ ਵਿਚ ਮਸ਼ਹੂਰ ਰਾਗੀ ਭਾਈ ਬਖ਼ਸ਼ੀਸ਼ ਸਿੰਘ, ਉਸਤਾਦ ਭਾਈ ਕ੍ਰਿਪਾਲ ਸਿੰਘ ਰਾਗੀ ਗੁਰਦੁਆਰਾ ਦੁੱਖ ਨਿਵਾਰਨ ਸਾਹਿਬ ਪਟਿਆਲਾ ਵਾਲੇ ਵੀ ਸਨ। ਸੋ ਸਭ ਜਥਿਆਂ ਦੀ ਟਰਾਈ ਲੈਣ ਤੋਂ ਬਾਅਦ ਜਦੋਂ ਕਿਸੇ ਵੀ ਜਥੇ ਦੀ ਗੱਲ ਸਿਰੇ ਨਾ ਚੜ੍ਹੀ ਤਾਂ ਕਮੇਟੀ ਨੇ ਮੈਨੂੰ ਰੱਖਣ ਦਾ ਪੱਕਾ ਫੈਸਲਾ ਕਰ ਲਿਆ।

ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਮੱਖਣ ਸਿੰਘ ਤੇ ਗਿ: ਕੁਲਦੀਪ ਸਿੰਘ ਸਕੱਤਰ ਤੇ ਇਕ ਹੋਰ ਸੱਜਣ, ਇਹ ਕਾਰ ਤੇ ਚੰਡੀਗੜ੍ਹ ਤੋਂ ਪਟਿਆਲਾ ਪੰਜਾਬੀ ਯੂਨੀਵਰਸਿਟੀ ਪਹੁੰਚੇ ਤੇ ਉਥੋਂ ਪ੍ਰੋਫੈਸਰ ਮੋਹਨ ਸਿੰਘ ਨੂੰ ਨਾਲ ਲੈ ਕੇ ਮੇਰੇ ਪਿੰਡ ਸਲੇਮਪੁਰ ਸੇਖਾਂ ਪਹੁੰਚੇ। ਮੈਂ ਘਰ ਨਹੀਂ ਸੀ, ਮੇਰੇ ਪਿਤਾ ਜੀ ਗਿ: ਈਸ਼ਰ ਸਿੰਘ ਮਸਕੀਨ ਘਰ ਸਨ, ਤੇ ਇਹ ਸਾਰੇ ਪ੍ਰਬੰਧਕਾਂ ਨੇ ਮੇਰੇ ਪਿਤਾ ਜੀ ਨੂੰ ਦਸਿਆ ਕਿ ਅਸੀਂ ਭਾਈ ਕਰਮ ਸਿੰਘ ਰਤਨ ਨੂੰ ਲੈਣ ਵਾਸਤੇ ਆਏ ਹਾਂ ਤਾਂ ਪਿਤਾ ਜੀ ਨੇ ਦਸਿਆ ਕਿ ਅੰਬਾਲੇ ਛਾਉਣੀ ਗਿਆ ਹੈ। ਸਾਡੀ ਪ੍ਰਬੰਧਕ ਕਮੇਟੀ ਨਾਲ ਗੱਲਬਾਤ ਹੋਈ। ਮੈਨੂੰ ਪੁੱਛਣ ਲੱਗੇ ਕਿ ਦੱਸੋ ਤੁਸੀਂ ਕੀ ਲੈਣਾ ਹੈ। ਮੈਂ ਕਿਹਾ ਕਿ ਮੈਂ ਤਾਂ ਪਹਿਲੀ ਵਾਰ ਹੀ ਆਪਣੇ ਜਥੇ ਦੇ ਤੌਰ 'ਤੇ ਕੀਰਤਨ ਦੀ ਡਿਊਟੀ ਕਰਨ ਲੱਗਾ ਹਾਂ। ਸੋ ਤੁਸੀਂ ਆਪ ਹੀ ਦੱਸ ਦਿਓ ਕਿ ਸਾਨੂੰ ਤੁਸੀਂ ਕੀ ਦਿਓਗੇ। ਤਾਂ ਸਭਾ ਨੇ ਕਿਹਾ ਕਿ ਅਸੀਂ ਤੁਹਾਡੇ ਜਥੇ ਨੂੰ 750/- ਮਹੀਨਾ ਤਨਖਾਹ ਦੇਵਾਂਗੇ ਅਤੇ ਉਤਲੀ ਆਮਦਨ ਦਾ ਸਾਡਾ ਅੱਧਾ ਅੱਧਾ ਹੋਵੇਗਾ। ਲੰਗਰ ਗੁਰਦੁਆਰੇ ਵੱਲੋਂ ਹੋਵੇਗਾ ਜਦੋਂ ਕਿ ਭਾਈ ਸੰਤਾ ਸਿੰਘ ਕੰਵਲ ਦੀ ਤਨਖਾਹ 550/- ਮਹੀਨਾ ਸੀ। ਸਾਨੂੰ ਬਗੈਰ ਮੰਗਿਆਂ ਉਨ੍ਹਾਂ ਨੇ ਦੋ ਸੌ ਰੁਪਏ ਵੱਧ ਤਨਖਾਹ ਸਭਾ ਨੇ ਲਾਈ। (ਇਹ ਸੀ ਮੇਰਾ ਪਹਿਲਾ ਪੁਰਸਕਾਰ ਤੇ ਪਹਿਲੀ ਸਫ਼ਲਤਾ)

(ਦੂਜੀ ਸਫ਼ਲਤਾ) ਗੁਰਦੁਆਰਾ ਸਿੰਘ ਸਭਾ ਸਹਾਰਨਪੁਰ ਯੂ.ਪੀ. ਵਿਖੇ ਭਾਈ ਹਰਨਾਮ ਸਿੰਘ ਰਾਗੀ ਕੀਰਤਨ ਦੀ ਡਿਊਟੀ ਕਰ ਰਹੇ ਸਨ। ਜੋ ਕਿ ਪਹਿਲੇ ਗੁ: ਸਿੰਘ ਸਭਾ ਲਾਇਲਪੁਰ ਪਾਕਿਸਤਾਨ ਵਿਖੇ ਹਜ਼ੂਰੀ ਰਾਗੀ ਸਨ, ਉਹ ਸੰਨ 1947 ਵਿਚ ਪਾਕਿਸਤਾਨ ਤੋਂ ਆ ਕੇ ਇਥੇ ਹੀ ਕੀਰਤਨ ਦੀ ਸੇਵਾ ਕਰ ਰਹੇ ਸਨ। ਮੈਂ ਸੰਨ 1970 ਵਿਚ ਮਈ ਵਿਚ ਚੰਡੀਗੜ੍ਹ ਤੋਂ ਜਥੇ ਸਮੇਤ ਡਿਊਟੀ ਛੱਡ ਦਿਤੀ ਸੀ ਤੇ ਮੈਂ ਆਪਣੇ ਪਿੰਡ ਹੀ ਸੀ (ਭਾਈ ਹਰਨਾਮ ਸਿੰਘ ਰਾਗੀ ਨੇ ਵਿਦੇਸ਼ ਥਾਈਲੈਂਡ ਤੇ ਸਿੰਘਾਪੁਰ ਜਾਣ ਲਈ ਕਮੇਟੀ ਤੋਂ ਛੇ ਮਹੀਨੇ ਦੀ ਛੁੱਟੀ ਲੈ ਲਈ। ਸਹਾਰਨਪੁਰ ਸਿੰਘ ਸਭਾ ਨੂੰ ਜਥਾ ਚਾਹੀਦਾ ਸੀ ਤੇ ਮੈਂ ਉਥੇ ਚਲਾ ਗਿਆ ਤੇ ਸਭਾ ਨਾਲ ਸਾਡੀ ਗੱਲਬਾਤ ਤੈਅ ਹੋ ਗਈ। ਸਹਾਰਨਪੁਰ ਵਿਖੇ ਉਪਰਲੀ ਆਮਦਨ ਸਾਰੀ ਉਦੋਂ ਸਭਾ ਦੀ ਹੀ ਹੁੰਦੀ ਸੀ। ਬਸ ਸੁੱਕੀ ਬਿਲ ਮੁਕਤਾ ਤਨਖਾਹ ਜਥੇ ਨੂੰ ਮਿਲਦੀ ਸੀ। ਅੱਜ ਕਲ ਤਾਂ ਉਥੇ ਵੀ ਅੱਧ ਹੋ ਗਿਆ ਹੈ, ਸੋ ਭਾਈ ਹਰਨਾਮ ਸਿੰਘ ਦਾ ਜਥਾ 900/- ਮਹੀਨਾ ਤਨਖਾਹ ਲੈਂਦਾ ਸੀ ਜਦ ਕਿ ਸਾਡੇ ਜਥੇ ਦੀ ਤਨਖਾਹ 1200/- ਮਹੀਨਾ ਤੈਅ ਹੋਈ ਅਤੇ ਦੋਵੇਂ ਵਕਤ ਦਾ ਖਾਣਾ ਤੇ ਚਾਹ ਵੀ ਲੰਗਰ ਵਲੋਂ ਤੈਅ ਹੋਈ। ਇਹ ਸਹੂਲਤਾਂ ਪਹਿਲੇ ਜਥੇ ਨੂੰ ਨਹੀਂ ਸਨ। ਸੋ ਭਾਈ ਹਰਨਾਮ ਸਿੰਘ ਦਾ ਜਥਾ ਤਾਂ ਥਾਈਲੈਂਡ ਚਲਾ ਗਿਆ। ਸਾਡੀ ਡਿਊਟੀ ਸ਼ੁਰੂ ਹੋ ਗਈ ਪਰ ਭਾਈ ਹਰਨਾਮ ਸਿੰਘ ਦਾ ਉਥੇ ਪ੍ਰਭਾਵ ਬਹੁਤ ਪਿਆ ਹੋਇਆ ਸੀ ਤੇ ਕੀਰਤਨ ਵੀ ਬਹੁਤ ਪ੍ਰਭਾਵਸ਼ਾਲੀ ਸੀ। ਕਈ ਸਾਲਾਂ ਤੋਂ ਉਥੇ ਸੇਵਾ ਕਰ ਰਹੇ ਸਨ ਸੋ ਉਥੋਂ ਦੀ ਸੰਗਤ ਭਾਈ ਹਰਨਾਮ ਸਿੰਘ ਦੀਆਂ ਬਹੁਤ ਸਿਫ਼ਤਾਂ ਕਰਦੀ ਸੀ ਨੇ ਉਨ੍ਹਾਂ ਦਾ ਪ੍ਰਭਾਵ ਦਸ ਦਸ ਕੇ ਉਹ ਇੰਜ ਕੀਰਤਨ ਕਰਦੇ ਸਨ, ਉਹ ਇੰਜ ਗਾਉਂਦੇ ਸਨ, ਇੰਜ ਸ਼ਬਦ ਪੜ੍ਹਦੇ ਸਨ। ਅਸੀਂ ਸੰਗਤ ਦੀਆਂ ਗੱਲਾਂ ਸੁਣ ਕੇ ਫਿਰ ਇਹੀ ਅੱਗੋਂ ਕਹਿੰਦੇ ਸਾਂ, ਕਿ ਠੀਕ ਹੈ ਜੀ, ਜਿੰਨੀ ਸਾਡੀ ਉਮਰ ਹੈ, ਉਨ੍ਹਾਂ ਦਾ ਉਨਾ ਕੰਮ ਦਾ ਤਜ਼ਰਬਾ ਹੈ। ਅਸੀਂ ਉਨ੍ਹਾਂ ਮੁਤਾਬਕ ਨਹੀਂ ਹੋ ਸਕਦੇ, ਸੋ ਜਦੋਂ ਸਾਨੂੰ ਦੋ ਕੁ ਮਹੀਨੇ ਕੀਰਤਨ ਕਰਦਿਆਂ ਨੂੰ ਹੋ ਗਏ ਤਾਂ ਲੋਕਾਂ ਨੇ ਸਾਨੂੰ ਉਨ੍ਹਾਂ ਦਾ ਪ੍ਰਭਾਵ ਦੱਸਣਾ ਬੰਦ ਕਰ ਦਿੱਤਾ ਤੇ ਹੌਲੀ ਹੌਲੀ ਲੋਕ ਇਹ ਕਹਿਣ ਲਗ ਪਏ ਕਿ ਕਰਮ ਸਿੰਘ ਵਧੀਆ ਕੀਰਤਨ ਕਰਦਾ ਹੈ। ਇਕ ਦਿਨ ਕੋਈ ਗੁਰਪੁਰਬ ਸੀ ਅਤੇ ਉਥੇ ਭਾਈ ਕ੍ਰਿਪਾਲ ਸਿੰਘ ਹੈਡ ਗ੍ਰੰਥੀ ਸੀ ਜੋ ਕਿ ਕਥਾ ਵੀ ਕਰਿਆ ਕਰਦੇ ਸਨ। ਉਨ੍ਹਾਂ ਨੇ ਗੁਰਪੁਰਬ ਤੇ ਮੇਰਾ ਨਾਮ ਅਨਾਉਂਸ ਕਰਨਾ ਸੀ ਤੇ ਰਾਤ ਦਾ ਦੀਵਾਨ ਸੀ। ਮੇਰਾ ਨਾਮ ਅਨਾਉਂਸ ਕਰਨ ਲੱਗਿਆਂ ਕਿਹਾ ਕਿ "ਕੀਰਤਨ ਨਿਰਮੋਲਕ ਹੀਰਾ। ਆਨੰਦ ਗੁਣੀ ਗਹੀਰਾ"। ਜੋ ਨਿਰਮੋਲਕ ਰਤਨ ਹੈ ਉਹ ਕੀਰਤਨ ਭਾਈ ਕਰਮ ਸਿੰਘ ਰਤਨ ਜੀ ਸੁਣਾਉਣਗੇ ਤੇ ਨਾਲ ਹੀ ਕਹਿ ਦਿੱਤਾ ਕਿ ਮੈਂ ਆਪਣੇ ਵਲੋਂ ਇਨ੍ਹਾਂ ਦਾ ਉਪਨਾਮ ਅਜ ਰਤਨ ਰੱਖਦਾ ਹਾਂ। ਕੀ ਸੰਗਤ ਨੂੰ ਇਹ ਪ੍ਰਵਾਨ ਹੈ, ਜੇ

ਪ੍ਰਵਾਨ ਹੈ ਤਾਂ ਜੈਕਾਰਾ ਛੱਡੋ, ਤੇ ਸੰਗਤ ਨੇ ਪੰਜ ਜੈਕਾਰੇ ਛੱਡ ਕੇ ਪ੍ਰਵਾਨਗੀ ਦੇ ਦਿੱਤੀ। ਇਸ ਤਰ੍ਹਾਂ ਸੰਗਤ ਨੇ ਮੇਰਾ ਨਾਮ ਰਤਨ ਰੱਖ ਦਿੱਤਾ (ਇਹ ਮੇਰਾ ਦੂਜਾ ਪੁਰਸਕਾਰ ਸੀ)।

ਇਸ ਤਰ੍ਹਾਂ ਛੇ ਮਹੀਨੇ ਦਾ ਸਮਾਂ ਬੀਤ ਗਿਆ ਤੇ ਭਾਈ ਹਰਨਾਮ ਸਿੰਘ ਜੀ ਰਾਗੀ ਥਾਈਲੈਂਡ ਤੇ ਸਿੰਘਾਪੁਰ ਦਾ ਦੌਰਾ ਕਰਕੇ ਵਾਪਸ ਆ ਗਏ। ਜਦੋਂ ਉਹ ਆ ਗਏ ਤਾਂ ਅਸੀਂ ਪ੍ਰਬੰਧਕਾਂ ਨੂੰ ਕਿਹਾ ਕਿ ਸਾਨੂੰ ਹੁਣ ਛੁੱਟੀ ਦੇ ਦਿਓ। ਭਾਈ ਸਾਹਿਬ ਆਪਣੀ ਡਿਊਟੀ 'ਤੇ ਆ ਗਏ ਹਨ। ਤਾਂ ਪ੍ਰਬੰਧਕਾਂ ਨੇ ਕਿਹਾ ਕਿ ਠੀਕ ਹੈ ਆਉਂਦੇ ਐਤਵਾਰ ਨੂੰ ਤੁਹਾਨੂੰ ਸੰਗਤ ਵਿਚ ਸਿਰੋਪਾ ਦੇ ਕੇ ਵਿਦਾਇਗੀ ਦੇ ਦਿਆਂਗੇ। ਜਦੋਂ ਸੰਗਤ ਨੂੰ ਪਤਾ ਲੱਗਾ ਕਿ ਅਸੀਂ ਜਾ ਰਹੇ ਹਾਂ ਤਾਂ ਦੀਵਾਨ ਦੀ ਸਮਾਪਤੀ ਤੋਂ ਬਾਅਦ ਸੰਗਤ ਨੇ ਪ੍ਰਬੰਧਕਾਂ ਖਿਲਾਫ਼ ਮੁਜ਼ਾਹਰਾ ਕਰਨਾ ਸ਼ੁਰੂ ਕਰ ਦਿੱਤਾ। ਪ੍ਰਧਾਨ ਤੇ ਸਕੱਤਰ ਮੁਰਦਾਬਾਦ ਦੇ ਨਾਹਰੇ ਲੱਗਣੇ ਸ਼ੁਰੂ ਹੋ ਗਏ ਤਾਂ ਪ੍ਰਬੰਧਕਾਂ ਨੇ ਸੰਗਤ ਨੂੰ ਸ਼ਾਂਤ ਕੀਤਾ ਤੇ ਕਿਹਾ ਕਿ ਠੀਕ ਹੈ ਅਸੀਂ ਦੋਵੇਂ ਜਥੇ ਰੱਖ ਲੈਂਦੇ ਹਾਂ। ਤੇ ਸਾਨੂੰ ਪ੍ਰਬੰਧਕ ਕਹਿਣ ਲੱਗੇ ਕਿ ਭਾਈ ਸਾਹਿਬ ਸੰਗਤ ਨਹੀਂ ਚਾਹੁੰਦੀ ਕਿ ਤੁਸੀਂ ਛੱਡ ਕੇ ਜਾਓ, ਸੋ ਤੁਸੀਂ ਡਿਊਟੀ ਕਰੀ ਜਾਓ। ਅਸੀਂ ਕਿਹਾ ਕਿ ਜਿਵੇਂ ਸੰਗਤ ਦੀ ਮਰਜ਼ੀ ਹੈ ਅਸੀਂ ਸਿਰ ਝੁਕਾਉਂਦੇ ਹਾਂ। ਪਰ ਹੁਣ ਇਕ ਵਾਰ ਸਾਨੂੰ ਜਾਣ ਦਿਓ। ਸਾਨੂੰ ਪਤਾ ਲੱਗਾ ਕਿ ਮੇਰਠ ਯੂ.ਪੀ. ਵਿਖੇ ਸਿੰਘ ਸਭਾ ਗੁਰਦੁਆਰੇ ਰਾਗੀ ਜਥੇ ਦੀ ਲੋੜ ਹੈ। ਅਸੀਂ ਉਥੇ ਜਾ ਕੇ ਆਪਣੀ ਨੌਕਰੀ ਦੀ ਗੱਲਬਾਤ ਕਰ ਆਏ ਤੇ ਸਹਾਰਨਪੁਰ ਕਮੇਟੀ ਨੂੰ ਅਸਤੀਫ਼ਾ ਦੇ ਦਿੱਤਾ।

ਜਿਸ ਦਿਨ ਅਸੀਂ ਸਹਾਰਨਪੁਰ ਤੋਂ ਰੇਲ ਤੇ ਚੱਲਣਾ ਸੀ , ਸਾਨੂੰ ਵਿਦਾਇਗੀ ਦੇਣ ਲਈ ਸ਼ਹਿਰ ਦੀ ਸਾਰੀ ਸੰਗਤ ਇਕੱਠੀ ਹੋ ਗਈ। ਮੇਰੇ ਅੰਦਾਜ਼ੇ ਅਨੁਸਾਰ ਘੱਟੋ ਘੱਟ ਸੱਤ ਜਾਂ ਅੱਠ ਹਜ਼ਾਰ ਦੇ ਕਰੀਬ ਸਟੇਸ਼ਨ ਤੇ ਇਕੱਠ ਸੀ। ਤੋਹਫ਼ਿਆਂ ਨਾਲ ਸਾਡੀਆਂ ਪੰਜ ਗਠੜੀਆਂ ਵੱਡੀਆਂ ਵੱਡੀਆਂ ਬਣ ਗਈਆਂ ਅਤੇ ਫੁੱਲਾਂ ਅਤੇ ਨੋਟਾਂ ਦੇ ਹਾਰਾਂ ਨਾਲ ਅਸੀਂ ਪੂਰਾ ਜਥਾ ਅਤੇ ਮੇਰਾ ਪਰਿਵਾਰ ਵੀ ਲੱਦੇ ਪਏ ਸਾਂ। ਦੁਨੀਆਂ ਵੇਖਣ ਵਾਲੀ ਸੀ ਹੈਣ ਤਾਂ ਗਰੀਬ ਜਿਹੇ ਬੰਦੇ, ਪਰ ਕਿੰਨੇ ਲੋਕ ਸਤਿਕਾਰ ਵਾਸਤੇ ਆਏ ਸਨ ਅਤੇ ਤਕਰੀਬਨ ਅੱਠ ਦਸ ਬੰਦੇ ਸਾਡੇ ਨਾਲ ਹੀ ਟਰੇਨ ਵਿਚ ਮੇਰਠ ਤਕ ਆਏ ਕਿ ਤੁਹਾਨੂੰ ਪਹੁੰਚਾ ਕੇ ਤਾਂ ਘਰ ਵਾਪਸ ਆਉਣਾ ਹੈ। (ਇਹ ਸੀ ਸਾਡਾ ਤੀਜਾ ਪੁਰਸਕਾਰ)

ਮੇਰਠ ਪਹੁੰਚ ਕੇ ਸਾਡੀ ਡਿਊਟੀ ਸ਼ੁਰੂ ਹੋ ਗਈ। ਮੇਰਠ ਆ ਕੇ ਇਕ ਹੋਰ ਨਵੀਂ ਗੱਲ ਹੋ ਗਈ। ਹਰ ਸਨਿਚਰਵਾਰ ਸ਼ਾਮ ਨੂੰ ਸਹਾਰਨਪੁਰ ਤੋਂ ਦਸ-ਪੰਦਰਾਂ ਬੰਦੇ ਹਰ ਹਫ਼ਤੇ ਆ ਜਾਇਆ ਕਰਨ ਸਾਡਾ ਕੀਰਤਨ ਸੁਣਨ ਲਈ ਅਤੇ ਸ਼ਨੀਵਾਰ ਸ਼ਾਮ ਤੇ ਐਤਵਾਰ ਸਵੇਰ ਦਾ ਕੀਰਤਨ ਸੁਣ ਕੇ ਵਾਪਸ ਜਾਇਆ ਕਰਨ। ਮੇਰਠ ਦੇ ਪ੍ਰਬੰਧਕਾਂ ਨੂੰ ਉਚੇਚੇ ਤੌਰ ਤੇ ਉਨ੍ਹਾਂ ਦੀ ਰਿਹਾਇਸ਼ ਤੇ ਲੰਗਰ ਪਾਣੀ ਦਾ ਪ੍ਰਬੰਧ ਕਰਨਾ ਪੈਂਦਾ ਸੀ। ਇਹ ਸਿਲਸਿਲਾ ਘੱਟੋ ਘੱਟ ਤਿੰਨ ਚਾਰ ਮਹੀਨੇ ਚੱਲਦਾ ਰਿਹਾ ( ਇਹ ਸੀ ਸਾਡਾ ਚੌਥਾ ਪੁਰਸਕਾਰ)।

ਸੰਨ 1971 ਜੂਨ ਵਿਚ ਅਸੀਂ ਮੇਰਠ ਸਿੰਘ ਸਭਾ ਥਾਪਰ ਨਗਰ ਡਿਊਟੀ ਸ਼ੁਰੂ ਕਰ ਦਿੱਤੀ ਅਤੇ ਇਥੇ ਅਸੀਂ 1975 ਜੁਲਾਈ ਤਕ ਰਹੇ। ਇਸ ਸਮੇਂ ਵਿਚ ਇਕ ਹੋਰ ਸਭ ਤੋਂ ਵੱਡੀ ਪ੍ਰਾਪਤੀ ਹੋਈ। ਮੇਰਠ ਰਹਿ ਕੇ ਸੰਨ 1972 ਵਿਚ ਗਿ: ਸੰਤ ਸਿੰਘ ਮਸਕੀਨ ਜੀ ਮੇਰਠ ਆ ਗਏ ਤੇ ਉਨ੍ਹਾਂ ਨੇ ਕਰੀਬ ਇਕ ਹਫ਼ਤਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਕਥਾ ਦਾ ਪ੍ਰੋਗਰਾਮ ਕੀਤਾ। ਅਸੀਂ ਪਹਿਲੇ ਕੀਰਤਨ ਕਰਦੇ ਸਾਂ, ਬਾਅਦ ਵਿਚ ਉਹ ਕਥਾ ਕਰਦੇ ਸਨ। ਜਿਸ ਦਿਨ ਉਨ੍ਹਾਂ ਵਾਪਸ ਜਾਣਾ ਸੀ, ਉਸ ਦਿਨ ਉਨ੍ਹਾਂ ਮੈਨੂੰ ਕਿਹਾ ਰਤਨ ਜੀ ਤੁਹਾਡਾ ਕੀਰਤਨ ਬਹੁਤ ਰਸਦਾਇਕ ਹੈ। ਅਸੀਂ ਸਲਾਨਾ ਸਮਾਗਮ ਮਾਰਚ ਵਿਚ ਹਰ ਸਾਲ ਕਰਦੇ ਹਾਂ ਸੋ ਤੁਸੀਂ ਵੀ ਉਥੇ ਇਸ ਵਾਰ ਜ਼ਰੂਰ ਹਾਜ਼ਰੀ ਭਰੋ। ਅਸੀਂ ਕਿਹਾ ਕਿ ਸਤ ਬਚਨ। ਸੋ 1973 ਦੇ ਮਾਰਚ ਵਿਚ ਅਸੀਂ ਪਹਿਲੀ ਵਾਰ ਮਸਕੀਨ ਸਾਹਿਬ ਦੇ ਉਸ ਸਮਾਗਮ ਵਿਚ ਸ਼ਾਮਲ ਹੋਏ ਇਸ ਸਮਾਗਮ ਵਿਚ ਹਰ ਸਾਲ ਭਾਈ ਜੋਗਿੰਦਰ ਸਿੰਘ ਪਟਨਾ ਸਾਹਿਬ ਵਾਲੇ ਫਸਟ ਆਉਂਦੇ ਸਨ ਤੇ ਉਨ੍ਹਾਂ ਨੂੰ ਮਸਕੀਨ ਸਾਹਿਬ ਹਰ ਸਾਲ ਫਸਟ ਇਨਾਮ ਦਿੰਦੇ ਸਨ। ਲੇਕਿਨ 1973 ਦੇ ਸਮਾਗਮ ਵਿਚ ਫਸਟ ਇਨਾਮ ਮਸਕੀਨ ਸਾਹਿਬ ਨੇ ਸਾਡੇ ਰਾਗੀ ਜਥੇ ਨੂੰ ਦਿੱਤਾ। ਤੇ ਇਹ ਸਿਲਸਿਲਾ ਤਕਰੀਬਨ ਸੰਨ 1980 ਤਕ ਚੱਲਦਾ ਰਿਹਾ। ਯਾਨੀ 1980 ਤਕ ਹਰ ਸਾਲ ਫਸਟ ਇਨਾਮ ਦਾਸ ਦੇ ਰਾਗੀ ਜਥੇ ਨੂੰ ਹੀ ਮਿਲਦਾ ਰਿਹਾ। ਸੰਨ 1973 ਤੋਂ ਲੈ ਕੇ ਸੰਨ 2005 ਤਕ ਜਦੋਂ ਮਸਕੀਨ ਸਾਹਿਬ ਜੀ 18 ਫਰਵਰੀ 2005 ਵਿਚ ਪੂਰੇ ਹੋਏ , ਉਦੋਂ ਤਕ ਉਨ੍ਹਾਂ ਨੇ ਸਾਨੂੰ ਆਪਣੀ ਛਤਰ ਛਾਇਆ ਹੇਠ ਰਖਿਆ । ਉਨ੍ਹਾਂ ਦੀ ਬਦੌਲਤ ਅਸੀਂ ਦੁਨੀਆਂ ਦੇ ਅੱਧੇ ਦੇਸ਼ਾਂ ਦੀ ਸੈਰ ਕਰ ਆਏ ਹਾਂ। ਕਈ ਦੇਸ਼ਾਂ ਵਿਚ ਉਨ੍ਹਾਂ ਨੇ ਸਾਨੂੰ ਇਕੱਲਿਆਂ ਭੇਜਿਆ ਅਤੇ ਕਈ ਦੇਸ਼ਾਂ ਵਿਚ ਸਾਨੂੰ ਆਪਣੇ ਨਾਲ ਲੈ ਕੇ ਗਏ। ਅਸੀਂ ਭਾਵੇਂ ਜਿਥੇ ਵੀ ਰਹੇ, ਸੰਨ 73 ਤੋਂ

ਬਾਅਦ ਉਨ੍ਹਾਂ ਨਾਲ ਸੰਪਰਕ ਵਿਚ ਹੀ ਰਹੇ। ਉਨ੍ਹਾਂ ਦੀ ਪ੍ਰੇਰਣਾ ਸਦਕਾ ਅਸੀਂ ਥਾਈਲੈਂਡ 5 ਵਾਰ, ਮਲੇਸ਼ੀਆ, ਸਿੰਘਾਪੁਰ, ਹਾਂਗਕਾਂਗ, ਡੁਬਈ 3 ਵਾਰ, ਮਸਕਟ, ਜਰਮਨ 4 ਵਾਰ, ਫਰਾਂਸ 3 ਵਾਰ, ਹੌਲੈਂਡ 4 ਵਾਰ, ਬੈਲਜੀਅਮ 3 ਵਾਰ, ਆਸਟਰੀਆ 3 ਵਾਰ, ਸਵਿਟਜ਼ਰਲੈਂਡ, ਇੰਗਲੈਂਡ 3 ਵਾਰ, ਅਮਰੀਕਾ 2 ਵਾਰ ਅਤੇ ਇਟਲੀ ਇਹ ਦੇਸ਼ਾਂ ਦੇ ਦਰਸ਼ਨ ਕੀਤੇ। ਇਕ ਵਾਰ ਅਮਰੀਕਾ ਲਾਸ ਏਂਜਲਸ ਵਿਚ ਇਕ ਕ੍ਰਿਸ਼ਮਾ ਵਾਪਰ ਗਿਆ ਜੋ ਮੈਂ ਦੱਸਣ ਲੱਗਾ। ਇਹ ਸਾਡੇ ਲਈ ਇਕ ਕ੍ਰਿਸ਼ਮਾ ਹੀ ਸੀ, ਹੋਇਆ ਇੰਜ ਕਿ ਅਸੀਂ ਸੰਨ 2000 ਵਿਚ ਜੂਨ ਤੋਂ ਲੈ ਕੇ ਨਵੰਬਰ ਤਕ ਮਸਕੀਨ ਸਾਹਿਬ ਜੀ ਦੇ ਨਾਲ ਹੀ ਟੂਰ ਤੇ ਸਾਂ, ਸਤੰਬਰ ਦੇ ਮਹੀਨੇ ਵਿਚ 15 ਦਿਨਾਂ ਦਾ ਪ੍ਰੋਗਰਾਮ ਲਾਸ ਏਂਜਲਸ ਵਿਖੇ ਮਸਕੀਨ ਸਾਹਿਬ ਜੀ ਦਾ ਕਥਾ ਦਾ ਸੀ ਤੇ ਅਸੀਂ ਉਨ੍ਹਾਂ ਦੇ ਨਾਲ ਪਹਿਲੇ ਕੀਰਤਨ ਕਰਦੇ ਸਾਂ, ਹਰ ਜਗ੍ਹਾ ਤੇ ਅਤੇ ਬਾਅਦ ਵਿਚ ਉਹ ਕਥਾ ਕਰਦੇ ਸਨ। ਇਕ ਦਿਨ ਮਸਕੀਨ ਸਾਹਿਬ ਮੈਨੂੰ ਕਹਿਣ ਲੱਗੇ ਕਿ ਰਤਨ ਜੀ ਤੁਸੀਂ ਮੇਰੇ ਤੋਂ ਬਾਅਦ ਟਾਈਮ ਲਾ ਲਿਆ ਕਰੋ। ਅਸੀਂ ਕਿਹਾ ਜੀ ਠੀਕ ਹੈ ਜਿਵੇਂ ਤੁਸੀਂ ਹੁਕਮ ਕਰੋ ਤੇ ਅਸੀਂ ਦੋ ਦਿਨ ਮਸਕੀਨ ਸਾਹਿਬ ਤੋਂ ਵੀ ਬਾਅਦ ਕੀਰਤਨ ਕੀਤਾ। ਪਹਿਲੇ ਸੰਗਤ ਮਸਕੀਨ ਸਾਹਿਬ ਦੀ ਕਥਾ ਤੋਂ ਬਾਅਦ ਉਠ ਜਾਂਦੀ ਸੀ ਪਰ ਬਾਅਦ ਵਿਚ ਸੰਗਤ ਸਾਡਾ ਕੀਰਤਨ ਸੁਣਨ ਲਈ ਬੈਠੀ ਰਿਹਾ ਕਰੇ। ਸੋ ਇਹ ਵੀ ਸਾਡਾ ਇਕ ਪੁਰਸਕਾਰ ਅਤੇ ਸਫ਼ਲਤਾ ਹੀ ਸੀ (ਇਹ ਸਾਡਾ ਪੰਜਵਾਂ ਪੁਰਸਕਾਰ ਸੀ)।

ਸੰਨ 1977 ਦੀ ਵਿਸਾਖੀ ਸਾਡੀ ਕਲਕੱਤੇ ਗੁਰਦੁਆਰਾ ਸਿੰਘ ਸਭਾ ਵਿਖੇ ਬੁੱਕ ਹੋ ਗਈ ਤੇ ਅਸੀਂ ਕਲਕੱਤੇ ਵਿਸਾਖੀ ਤੇ ਗਏ, ਉਦੋਂ ਅਸੀਂ ਗੁਰਦੁਆਰਾ ਸਿੰਘ ਸਭਾ ਗਾਂਧੀ ਨਗਰ, ਜਮਨਾਪਾਰ ਦਿੱਲੀ ਵਿਖੇ ਡਿਊਟੀ ਕਰਦੇ ਸਾਂ। ਇਕ ਦਿਨ ਸਵੇਰੇ ਅਸੀਂ ਆਸਾ ਦੀ ਵਾਰ ਦਾ ਕੀਰਤਨ ਗੁਰਦੁਆਰਾ ਸਿੰਘ ਸਭਾ ਕਾਲੀ ਘਾਟ ਵਿਖੇ ਕਰ ਰਹੇ ਸਾਂ ਤਾਂ ਸ. ਮਨਜੀਤ ਸਿੰਘ ਕਲਕੱਤਾ ਜੋ ਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਰਹੇ ਹਨ, ਉਹ ਸਵੇਰੇ ਮੱਥਾ ਟੇਕਣ ਆ ਗਏ, ਤੇ ਸਾਡਾ ਕੀਰਤਨ ਸੁਣ ਕੇ ਉਥੇ ਹੀ ਬੈਠ ਗਏ, ਤੇ ਪੂਰਾ ਕੀਰਤਨ ਸੁਣ ਕੇ ਗਏ। ਅਸੀਂ ਉਨ੍ਹਾਂ ਨੂੰ ਨਹੀਂ ਸੀ ਜਾਣਦੇ। ਇਹ ਸਾਰੀ ਗੱਲਬਾਤ ਸਾਨੂੰ ਬਾਅਦ ਵਿਚ ਪਤਾ ਲੱਗੀ ਸੀ। ਉਨ੍ਹੀਂ ਦਿਨੀਂ ਬਾਬਾ ਜਸਵੰਤ ਸਿੰਘ ਜੋ ਕਿ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜ. ਸਕੱਤਰ ਸਨ, ਉਹ ਵੀ ਕਲਕੱਤੇ ਹੀ ਰਹਿੰਦੇ ਸਨ। ਸ. ਮਨਜੀਤ ਸਿੰਘ ਤੇ ਬਾ: ਜਸਵੰਤ ਸਿੰਘ ਦੋਵੇਂ ਦੋਸਤ ਸਨ, ਸੋ ਦੂਜੇ ਦਿਨ ਸ. ਮਨਜੀਤ ਸਿੰਘ ਜੀ, ਬਾਬਾ ਜਸਵੰਤ ਸਿੰਘ ਨੂੰ ਨਾਲ ਲੈ ਕੇ ਸਾਡਾ ਕੀਰਤਨ ਸੁਣਨ ਆ ਗਏ ਤੇ ਥੋੜੀ ਦੇਰ ਬੈਠ ਕੇ ਉਨ੍ਹਾਂ ਕੀਰਤਨ ਸੁਣਿਆ। ਫਿਰ ਉਹ ਉੱਠ ਕੇ ਚਲੇ ਗਏ ਅਤੇ ਗੁਰਦੁਆਰੇ ਦੇ ਗ੍ਰੰਥੀ ਸਾਹਿਬ ਨੂੰ ਕਹਿ ਗਏ ਕਿ ਦੁਪਹਿਰ ਦੇ ਪ੍ਰਸ਼ਾਦੇ 'ਤੇ ਭਾਈ ਸਾਹਿਬ ਦੇ ਰਾਗੀ ਜਥੇ ਨੂੰ ਲੈ ਕੇ ਆਉਣਾ ਤੇ ਦੁਪਹਿਰ ਦਾ ਪ੍ਰਸ਼ਾਦਾ ਸਾਡੇ ਘਰ ਹੀ ਛਕਣਾ। ਕੀਰਤਨ ਦੀ ਸਮਾਪਤੀ ਤੋਂ ਬਾਅਦ ਗ੍ਰੰਥੀ ਸਾਹਿਬ ਜੀ ਨੇ ਦਸਿਆ ਕਿ ਬਾਬਾ ਜਸਵੰਤ ਸਿੰਘ ਜੀ ਤੁਹਾਡੇ ਜਥੇ ਦਾ ਦੁਪਹਿਰ ਦਾ ਪ੍ਰਸ਼ਾਦਾ ਕਹਿ ਗਏ ਹਨ ਤਾਂ ਅਸੀਂ ਭਾਈ ਸਾਹਿਬ ਨਾਲ ਉਨ੍ਹਾਂ ਦੇ ਘਰ ਪ੍ਰਸ਼ਾਦਾ ਛਕਣ ਲਈ ਗਏ। ਪ੍ਰਸ਼ਾਦਾ ਛਕਣ ਤੋਂ ਬਾਅਦ ਬਾਬਾ ਜਸਵੰਤ ਸਿੰਘ ਜੀ ਕਹਿਣ ਲੱਗੇ ਕਿ ਤੁਸੀਂ ਪਟਨਾ ਸਾਹਿਬ ਕੀਰਤਨ ਕੀਤਾ ਹੈ, ਜਾਂ ਦਰਸ਼ਨ ਕੀਤੇ ਹਨ। ਅਸੀਂ ਕਿਹਾ ਜੀ ਦਰਸ਼ਨ ਤਾਂ ਇਕ ਵਾਰ ਕੀਤੇ ਹਨ ਪਰ ਕਦੇ ਹਾਜ਼ਰੀ ਨਹੀਂ ਭਰੀ। ਬਾਬਾ ਜੀ ਕਹਿਣ ਲੱਗੇ ਕਿ ਇਸ ਵਾਰ ਹਾਜ਼ਰੀ ਭਰ ਕੇ ਜਾਓ। ਅਸੀਂ ਕਿਹਾ ਜੀ ਸੱਤ ਬਚਨ। ਬਾਬਾ ਕਹਿਣ ਲੱਗੇ ਕਿ ਮੈਂ ਵੀ ਕੱਲ੍ਹ ਜਾ ਰਿਹਾ ਹਾਂ ਤੇ ਤੁਹਾਡੀਆਂ ਸੀਟਾਂ ਮੈਂ ਰੇਲ ਵਿਚ ਬੁਕ ਕਰਵਾ ਦੇਂਨਾ, ਤੁਸੀਂ ਆ ਜਾਣਾ। ਅਸੀਂ ਕਿਹਾ ਜੀ ਠੀਕ ਹੈ। ਬਾਬਾ ਜੀ ਨੇ ਸਾਡੀਆਂ ਸੀਟਾਂ ਏਸੀ. ਵਿਚ ਬੁੱਕ ਕਰਵਾ ਦਿੱਤੀਆਂ ਤੇ ਆਪ ਉਹ ਜਹਾਜ਼ ਤੇ ਪਟਨਾ ਸਾਹਿਬ ਪਹੁੰਚ ਗਏ। ਅਸੀਂ ਦੂਜੀ ਦਿਨ ਰਾਤ ਨੂੰ ਟਰੇਨ ਚੜ੍ਹ ਕੇ ਅਗਲੇ ਦਿਨ ਸਵੇਰੇ ਪਟਨਾ ਸਾਹਿਬ ਪਹੁੰਚ ਗਏ ਅਤੇ ਸ਼ਾਮ ਨੂੰ ਅਸੀਂ ਸੋਦਰ ਦੀ ਚੌਂਕੀ ਦਾ ਕੀਰਤਨ ਕੀਤਾ ਤੇ ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਸਾਨੂੰ ਸਵੇਰੇ ਦਫ਼ਤਰ ਵਿਚ ਬੁਲਾ ਲਿਆ ਤੇ ਪਟਨਾ ਸਾਹਿਬ ਦਫ਼ਤਰ ਵਿਚ ਜਾ ਕੇ ਸਾਨੂੰ ਪਤਾ ਲੱਗਾ ਕਿ ਬਾਬਾ ਜਸਵੰਤ ਸਿੰਘ ਜਨਰਲ ਸਕੱਤਰ ਹਨ। ਪਹਿਲੇ ਸਾਨੂੰ ਕਿਸੇ ਵੀ ਨਹੀਂ ਦਸਿਆ । ਸਾਨੂੰ ਦਫ਼ਤਰ ਵਿਚ ਸੱਦ ਕੇ ਬਿਠਾ ਲਿਆ ਤੇ ਬਾਬਾ ਜੀ ਨੇ ਮੈਨੇਜਰ ਸਾਹਿਬ ਨੂੰ ਕਹਿਣ ਲੱਗੇ ਕਿ ਇਸ ਜਥੇ ਦਾ ਅਪੁਆਇੰਟਮੈਂਟ ਲੈਟਰ ਲਿਖੋ ਤੇ ਮੈਨੇਜਰ ਸਾਹਿਬ ਲਿਖਣ ਲੱਗ ਪਏ। ਮੈਂ ਪੁਛਿਆ ਕਿ ਸਰਦਾਰ ਜੀ ਕਾਹਦਾ ਲੈਟਰ ਲਿਖ ਰਹੇ ਹੋ। ਬਾਬਾ ਜੀ ਕਹਿਣ ਲਗੇ ,"ਤੁਹਾਡੀ ਡਿਊਟੀ ਦਾ। ਮੈਂ ਕਿਹਾ ਹੱਦ ਹੋ ਗਈ ਨਾ ਸਾਨੂੰ ਪੁਛਿਆ ਨਾ ਗਿੱਛਿਆ, ਨਾ ਸਾਡੇ ਨਾਲ

ਕੋਈ ਗੱਲ ਕੀਤੀ, ਐਵੇਂ ਕਿਵੇਂ ਤੁਸੀਂ ਸਾਨੂੰ ਰੱਖ ਲਵੋਗੇ। ਬਾਬਾ ਜੀ ਕਹਿਣ ਲੱਗੇ, ਹੁਣ ਪੁਛ ਲੈਂਦੇ ਹਾਂ। ਦੱਸੋ ਤੁਸੀਂ ਕੀ ਲੈਣੈ। ਅਸੀਂ ਕਿਹਾ ਲੈਣ ਦੀ ਗੱਲ ਤਾਂ ਬਾਅਦ ਵਿਚ ਹੋਵੇਗੀ। ਅਸੀਂ ਤਾਂ ਦਿੱਲੀ ਗਾਂਧੀ ਨਗਰ ਸਿੰਘ ਸਭਾ ਡਿਊਟੀ ਕਰ ਰਹੇ ਹਾਂ। ਪਹਿਲਾਂ ਉਥੇ ਜਾ ਕੇ ਉਨ੍ਹਾਂ ਨੂੰ ਇਤਲਾਹ ਦਿਆਂਗੇ, ਅਸਤੀਫ਼ਾ ਦਿਆਂਗੇ। ਫਿਰ ਤੁਹਾਡੇ ਨਾਲ ਗੱਲ ਕਰਾਂਗੇ। ਬਾਬਾ ਜੀ ਕਹਿਣ ਲੱਗੇ ਕਿ ਅਸੀਂ ਹੁਣ ਤੁਹਾਨੂੰ ਜਾਣ ਤਾਂ ਦੇਣਾ ਨਹੀਂ। ਸਾਡੇ ਵਲੋਂ ਤੁਹਾਡੀ ਡਿਊਟੀ ਅੱਜ ਤੋਂ ਹੀ ਸ਼ੁਰੂ ਹੈ ਤੁਸੀਂ ਇਥੋਂ ਹੀ ਦਿੱਲੀ ਕਮੇਟੀ ਨੂੰ ਅਸਤੀਫ਼ਾ ਭੇਜ ਦਿਓ। ਸੋ ਤੁਸੀਂ ਦੱਸੋ ਕਿ ਤੁਸੀਂ ਕੀ ਲੈਣਾ ਹੈ?

ਉਦੋਂ ਮੇਰੇ ਨਾਲ ਸਾਥੀ ਸਨ ਭਾਈ ਮੋਹਨ ਸਿੰਘ ਘਾਇਲ ਅਤੇ ਮੇਰਾ ਛੋਟਾ ਭਰਾ ਭਾਈ ਹਰਚਰਨ ਸਿੰਘ ਤਬਲੇ 'ਤੇ ਸੀ। ਇਹ ਦੋਵੇਂ ਸਾਥੀ ਵੀ ਕਹਿਣ ਲੱਗੇ ਕਿ ਤਖਤ ਸਾਹਿਬ ਦੀ ਸੇਵਾ ਮਿਲ ਰਹੀ ਹੈ, ਠੁਕਰਾਓ ਨਾ। ਸਾਥੀਆਂ ਦੇ ਕਹਿਣ 'ਤੇ ਮੈਂ ਕਮੇਟੀ ਨੂੰ ਹਾਂ ਕਰ ਦਿੱਤੀ ਕਿ ਜਿਵੇਂ ਤੁਸੀਂ ਕਹੋ ਠੀਕ ਹੈ, ਉਸ ਸਮੇਂ ਤਖਤ ਸਾਹਿਬ ਸ੍ਰੀ ਪਟਨਾ ਸਾਹਿਬ ਵਿਖੇ ਸਭ ਤੋਂ ਪੁਰਾਣਾ ਤੇ ਸੀਨੀਅਰ ਰਾਗੀ ਜਥਾ, ਭਾਈ ਜੋਗਿੰਦਰ ਸਿੰਘ ਗੁਰਬਚਨ ਸਿੰਘ ਦਾ ਸੀ, ਜੋ ਸਭ ਤੋਂ ਨਾਮੀ ਰਾਗੀ ਤੇ ਕਲਾਸੀਕਲ ਕੀਰਤਨੀਏ ਸਨ । ਇਨ੍ਹਾਂ ਤੋਂ ਇਲਾਵਾ ਦੋ ਜਥੇ ਹੋਰ ਸਨ , ਭਾਈ ਜੀਵਨ ਸਿੰਘ ਲੁਧਿਅਣੇ ਵਾਲੇ ਅਤੇ ਭਾਈ ਸੁਰਿੰਦਰ ਸਿੰਘ, ਜੋ ਕਿ ਬਾਅਦ ਵਿਚ ਪਟਨਾ ਛੱਡ ਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਚਲੇ ਗਏ ਸਨ। ਸੋ ਇਨ੍ਹਾਂ ਵਿਚੋਂ ਸਭ ਤੋਂ ਜ਼ਿਆਦਾ ਤਨਖਾਹ ਭਾਈ ਜੋਗਿੰਦਰ ਸਿੰਘ ਦੇ ਰਾਗੀ ਜਥੇ ਦੀ ਸੀ। ਭਾਈ ਜੋਗਿੰਦਰ ਸਿੰਘ ਜਿਤਨੀ ਤਨਖਾਹ ਸਾਨੂੰ ਵੀ ਸਭਾ ਨੇ ਲਾ ਦਿੱਤੀ, ਹਾਲਾਂਕਿ ਅਸੀਂ ਨਵੇਂ ਸੀ। ਇਸ ਤਰ੍ਹਾਂ ਸਾਡੀ ਡਿਊਟੀ ਤਖਤ ਸ੍ਰੀ ਪਟਨਾ ਸਾਹਿਬ ਸ਼ੁਰੂ ਹੋ ਗਈ। ( ਇਹ ਸੀ ਸਾਡੀ ਛੇਵੀਂ ਸਫ਼ਲਤਾ)

ਫਿਰ ਤਖਤ ਸਾਹਿਬ ਦੀ ਕਮੇਟੀ ਨੇ ਸਾਨੂੰ ਤਖਤ ਸਾਹਿਬ ਦੀ ਉਗਰਾਈ ਲਈ ਟੂਰ ਬਣਾ ਕੇ ਭੇਜ ਦਿੱਤਾ ਅਤੇ ਸਾਡੇ ਜਥੇ ਦੀ ਫੋਟੋਆਂ ਦੀਆਂ ਚਿੱਠੀਆਂ ਪਹਿਲਾਂ ਹੀ ਭੇਜ ਦਿੱਤੀਆਂ, ਜਿਥੇ ਜਿਥੇ ਅਸੀਂ ਜਾਣਾ ਸੀ ਕਿ ਇਹ ਜਥਾ ਤਖਤ ਸਾਹਿਬ ਵਲੋਂ ਉਗਰਾਈ ਲਈ ਆ ਰਿਹਾ ਹੈ। ਤਖਤ ਸਾਹਿਬ ਦੀ ਉਗਰਾਈ ਲਈ ਜਿਨ੍ਹਾਂ ਜਿਨ੍ਹਾਂ ਸ਼ਹਿਰਾਂ ਦਾ ਅਸੀਂ ਟੂਰ ਕੀਤਾ, ਉਹ ਇਹ ਹਨ; 1) ਬਿਹਾਰ, 2) ਮੁਜ਼ੱਫ਼ਰਪੁਰ, 3) ਸਮਸਤੀਪੁਰ, 4)ਸੀਵਾਨ, 5) ਛਪਰਾ, 6) ਗੋਰਖਪੁਰ, 7) ਨੌਤਨਵਾ, 8)ਗਰੀਬੀ, 9)ਹਜ਼ਾਰੀਬਾਗੀ, 10)ਰਾਂਚੀ, 11) ਡਾਲਟਨ ਗੰਜ, 12)ਰਾਮਗੜ੍ਹ, 13)ਗਯਾ, 14) ਬੰਬਈ, 15)ਪੂਨਾ, 16)ਔਰੰਗਾਬਾਦ, 17) ਹਜ਼ੂਰਸਾਹਿਬ, 18) ਹੈਦਰਾਬਾਦ, 19)ਅਕੋਲਾ, 20)ਖੰਡਵਾ, 21) ਇਦੌਰ, 22)ਰਤਲਾਮ, 23) ਇਲਾਹਾਬਾਦ, 24)ਅਲਵਰ, 25)ਜੈਪੁਰ। ਇਹ ਸਾਰੇ ਟੂਰ ਵਿਚ ਅਸੀਂ 8 ਲੱਖ ਰੁਪਏ ਉਗਰਾਅ ਕੇ ਤਖਤ ਸਾਹਿਬ ਨੂੰ ਦਿੱਤਾ। ਜਦੋਂ ਅਸੀਂ ਦੂਜੇ ਟੂਰ ਵਿਚ ਬੰਬਈ ਪਹੁੰਚੇ ਤਾਂ ਅਸੀਂ ਗੁਰਦੁਆਰਾ ਸਿੰਘ ਸਭਾ ਦਾਦਰ, ਬੰਬਈ ਠਹਿਰੇ ਸੀ। ਸਾਡੇ ਜਥੇ ਦੀਆਂ ਚਿੱਠੀਆਂ ਤਾਂ ਹਰ ਥਾਂ ਪਹਿਲਾਂ ਪਹੁੰਚ ਹੀ ਚੁੱਕੀਆਂ ਸਨ ਪਰ ਬੰਬਈ ਵਿਖੇ ਜੋ ਪ੍ਰਸਿੱਧ ਐਕਟਰ ਸ. ਦਾਰਾ ਸਿੰਘ ਭਲਵਾਨ ਹਨ, ਇਹ ਬਾਬਾ ਜਸਵੰਤ ਸਿੰਘ ਸਕੱਤਰ ਦੇ ਗੂੜੇ ਦੋਸਤ ਹਨ। ਬਾਬਾ ਜੀ ਨੇ ਇਨ੍ਹਾਂ ਨੂੰ ਵੀ ਚਿੱਠੀ ਭੇਜੀ ਹੋਈ ਸੀ ਕਿ ਸਾਡੇ ਰਾਗੀ ਜਥੇ ਦੀ ਤਖਤ ਸਾਹਿਬ ਦੀ ਉਗਰਾਹੀ ਲਈ ਮਦਦ ਕਰਨੀ। ਤਾਂ ਸਰਦਾਰ ਦਾਰਾ ਸਿੰਘ ਜੀ ਗੱਡੀ ਲੈ ਕੇ ਗੁਰਦੁਆਰਾ ਸਿੰਘ ਸਭਾ ਦਾਦਰ ਆ ਗਏ, ਸਾਨੂੰ ਮਿਲਣ ਲਈ ਤੇ ਸਾਨੂੰ ਆਪਣੇ ਘਰ ਲੈ ਗਏ। ਪਰਸ਼ਾਦਾ ਪਾਣੀ ਛਕਾਇਆ ਅਤੇ ਉਸ ਤੋਂ ਬਾਅਦ ਉਨ੍ਹਾਂ ਨੇ ਆਪਣੇ ਅਸਰ ਰਸੂਖ ਅਨੁਸਾਰ ਆਪਣੇ ਘਰ ਪ੍ਰੋਗਰਾਮ ਤੋਂ ਇਲਾਵਾ ਚਾਰ ਹੋਰ ਪ੍ਰੋਗਰਾਮ ਸਾਡੇ ਕੀਰਤਨ ਦੇ ਫਿਲਮ ਇੰਡਸਟਰੀ ਵਿਚ ਬੁੱਕ ਕਰਵਾ ਦਿੱਤੇ, ਜਿਨ੍ਹਾਂ ਵਿਚ ਦਾਰਾ ਸਿੰਘ ਤੋਂ ਬਾਅਦ ਬੀ.ਆਰ.ਚੋਪੜਾ ਦੇ ਸਟੂਡੀਓ ਵਿਚ ਕੀਰਤਨ, ਇਕ ਕੀਰਤਨ ਪ੍ਰਾਣ ਸਾਹਿਬ ਦੇ ਘਰ, ਇਕ ਕੀਰਤਨ ਓ.ਪੀ.ਨਈਅਰ ਸੰਗੀਤਕਾਰ ਦੇ ਘਰ ਅਤੇ ਇਕ ਪ੍ਰੋਗਰਾਮ ਜੋ ਫਿਲਮ ਇੰਡਸਟਰੀ ਵਲੋਂ ਗੁਰੂ ਨਾਨਕ ਸਾਹਿਬ ਦੇ ਜੀ ਦੇ ਗੁਰਪੁਰਬ ਦਾ ਅੰਧੇਰੀ ਵਿਖੇ ਮਨਾਇਆ ਜਾਂਦਾ ਹੈ। ਇਨ੍ਹਾਂ ਹਸਤੀਆਂ ਦੇ ਘਰ ਜਦੋਂ ਅਸੀਂ ਪ੍ਰੋਗਰਾਮ ਕੀਤੇ ਉਨ੍ਹਾਂ ਵਿਚੋ ਜਿਨ੍ਹਾਂ ਨੇ ਸਾਡਾ ਕੀਰਤਨ ਸਰਵਣ ਕੀਤਾ, ਉਹ ਇਹ ਹਸਤੀਆਂ ਸਨ, ਸ. ਦਾਰਾ ਸਿੰਘ, ਬੀ. ਆਰ. ਚੋਪੜਾ, ਧਰਮਿੰਦਰ, ਪ੍ਰਾਣ, ਰਜਿੰਦਰ ਕੁਮਾਰ, ਆਸ਼ਾ ਪਾਰਿਖ, ਸਾਧਨਾ, ਸੁਨੀਲ ਦੱਤ, ਸੰਗੀਤਕਾਰ ਓ.ਪੀ.ਨਈਅਰ, ਜੈਕਿਸ਼ਨ (ਸਲੀਲ ਚੌਧਰੀ) ਸੰਗੀਤਕਾਰ, ਸੰਗੀਤਕਾਰ ਰਵਿੰਦਰ ਜੈਨ, ਹੋਰ ਵੀ ਬਹੁਤ ਲੋਕ ਸਨ ਜਿਨ੍ਹਾਂ ਦੇ ਨਾਮ ਦਾਸ ਨੂੰ ਯਾਦ ਨਹੀਂ ਹਨ। ਇਨ੍ਹਾਂ ਪ੍ਰੋਗਰਾਮਾਂ ਦਾ ਫਾਇਦਾ ਸਾਨੂੰ ਇਹ ਹੋਇਆ ਕਿ ਤਖਤ ਸਾਹਿਬ ਵਾਸਤੇ ਉਗਰਾਈ ਤਾਂ ਹੋਈ ਹੀ ਨਾਲ ਹੀ ਮੇਰੀਆਂ ਦੋ ਰੀਤਾਂ,

ਦੋ ਟਿਊਨਾਂ ਫਿਲਮ ਵਿਚ ਆ ਗਈਆਂ। ਇਕ ਟਿਊਨ ਮੇਰੀ ਸੰਗੀਤਕਾਰ ਰਵਿੰਦਰ ਜੈਨ ਨੇ ਇਕ ਫਿਲਮ ਵਿਚ ਦਿੱਤੀ ਤੇ ਇਕ ਟਿਊਨ ਮੇਰੀ ਸੰਗੀਤਕਾਰ ਰਾਜ ਕਮਲ ਨੇ ਇਕ ਫਿਲਮ ਵਿਚ ਦਿੱਤੀ। (ਸੋ ਇਹ ਸੀ ਸਾਡੀ ਸੱਤਵੀਂ ਸਫ਼ਲਤਾ)

ਬਾਕੀ ਇਨ੍ਹਾਂ ਤੋਂ ਇਲਾਵਾ ਸਫ਼ਲਤਾ ਦੀਆਂ ਘਟਨਾਵਾਂ ਤਾਂ ਸਾਡੇ ਨਾਲ ਬਹੁਤ ਹੋਈਆਂ ਹਨ ਪਰ ਜੇ ਸਾਰੀਆਂ ਲਿਖਾਂ ਤਾਂ ਬਹੁਤ ਲੰਮਾ ਲੇਖ ਹੋ ਜਾਵੇਗਾ। ਸੋ ਸਿਰਫ਼ ਦੋ ਤਿੰਨ ਛੋਟੀਆਂ ਛੋਟੀਆਂ ਘਟਨਾਵਾਂ ਲਿਖ ਕੇ ਮੈਂ ਲੇਖ ਸਮਾਪਤ ਕਰਦਾ ਹਾਂ।

ਸੰਨ 1983 ਵਿਚ ਅਸੀਂ ਪਹਿਲੀ ਵਾਰ ਵਿਦੇਸ਼ ਯਾਤਰਾ 'ਤੇ ਗਏ ਸੀ। ਜਿਸ ਵਿਚ 3 ਮਹੀਨੇ ਬੈਂਕਾਕ, ਥਾਈਲੈਂਡ , ਮਲੇਸ਼ੀਆ ਤੇ ਸਿੰਘਾਪੁਰ, ਅਤੇ ਸਿੰਘਾਪੁਰ ਦੇ ਕਾਤੋਂਗ ਗੁਰਦੁਆਰਾ ਗੁਰੂ ਨਾਨਕ ਦਰਬਾਰ ਸਭਾ ਨੇ ਸਾਨੂੰ ਤਿੰਨ ਮਹੀਨੇ ਲਈ ਬੁੱਕ ਕੀਤਾ ਸੀ। ਸੋ ਜਦੋਂ ਸਾਨੂੰ ਦੋ ਮਹੀਨੇ ਬੀਤ ਗਏ ਤਾਂ ਅਸੀਂ ਸਕੱਤਰ ਸਾਹਿਬ ਨੂੰ ਕਿਹਾ ਕਿ ਸਾਡੀਆਂ ਵਾਪਸੀ ਲਈ ਸੀਟਾਂ ਬੁੱਕ ਕਰਵਾ ਦਿਓ। ਤਾਂ ਸਕੱਤਰ ਸਾਹਿਬ ਕਹਿਣ ਲੱਗੇ ਕਿ ਸੰਗਤ ਤੁਹਾਨੂੰ ਹਾਲੇ ਨਹੀਂ ਭੇਜਣਾ ਚਾਹੁੰਦੀ। ਤਾਂ ਸਭਾ ਨੇ ਸਾਡਾ ਇਕ ਸਾਲ ਦਾ ਵੀਜ਼ਾ ਹੋਰ ਲਵਾ ਲਿਆ ਸੀ। ਸਿੰਘਾਪੁਰ ਦੀ ਸਟੇਜ ਤੇ ਸਭ ਤੋਂ ਜ਼ਿਆਦਾ ਸਮਾਂ ਲਾਉਣ ਵਾਲਾ ਸਾਡਾ ਰਾਗੀ ਜਥਾ ਸੀ। ਅਸੀਂ ਉਦੋਂ ਸਿੰਘਾਪੁਰ 7 ਮਹੀਨੇ ਲਾਏ ਸਨ। ਜਦੋਂ ਕਿ ਸਾਡੇ ਤੋਂ ਪਹਿਲਾਂ ਕਿਸੇ ਵੀ ਜਥੇ ਨੇ ਤਿੰਨ ਮਹੀਨੇ ਤੋਂ ਜ਼ਿਆਦਾ ਨਹੀਂ ਲਾਏ। ਅਤੇ ਵਿਦੇਸ਼ ਵਿਚ ਜਾ ਕੇ ਸਿੰਘਾਪੁਰ ਰੇਡੀਓ ਤੋਂ ਅੱਧੇ ਘੰਟੇ ਦੇ ਕੀਰਤਨ ਦਾ ਸਿੱਧਾ ਪ੍ਰਸਾਰਣ ਸਾਡੇ ਜਥੇ ਦਾ ਹੀ ਹੋਇਆ ਸੀ।

ਇਸ ਤੋਂ ਇਲਾਵਾ ਸੰਨ 1994 ਦੀ ਪਹਿਲੀ ਜਨਵਰੀ ਤੇ ਸੰਨ 1993 ਦੀ 31 ਦਸੰਬਰ ਰਾਤ ਦਾ ਕੀਰਤਨ ਦਰਬਾਰ ਗੁਰਦੁਆਰ ਸੰਤ ਕੁਟੀਆ ਕਲਕੱਤਾ ਵਿਖੇ ਸੀ ਅਤੇ ਇਸ ਨਵੇਂ ਸਾਲ ਦੀ ਰਾਤ ਦਾ ਪ੍ਰੋਗਰਾਮ ਕਲਕੱਤਾ ਟੀ.ਵੀ. ਵਲੋਂ ਜੋ ਨਵੇਂ ਸਾਲ ਦਾ ਪ੍ਰੋਗਰਾਮ ਸ਼ਪੈਸ਼ਲ ਦੇ ਰਿਹਾ ਸੀ, ਉਸ ਦਾ ਵਿਸ਼ਾ ਸੀ ਕਿ ਸਾਰੇ ਵੱਖੋ ਵੱਖ ਧਰਮ ਨਵੇਂ ਸਾਲ ਨੂੰ ਕਿਸ ਤਰ੍ਹਾਂ ਮਨਾਉਂਦੇ ਹਨ। ਇਹ ਟੀ.ਵੀ. ਵਾਲਿਆਂ ਨੇ ਦੂਜੇ ਧਰਮਾਂ ਮੁਸਲਮਾਨਾਂ ਦਾ ਤੇ ਇਸਾਈਆਂ ਦਾ ਪ੍ਰੋਗਰਾਮ ਦਿਖਾ ਕੇ ਫਿਰ ਸਿੱਖ ਧਰਮ ਦਾ ਦਿਖਾਉਣਾ ਸੀ। ਉਸ ਦਿਨ ਸਾਡਾ ਪ੍ਰੋਗਰਾਮ ਗੁਰਦੁਆਰਾ ਸੰਤ ਕੁਟੀਆ ਵਿਖੇ ਪੰਡਾਲ ਵਿਚ ਰਾਤ 11:30 ਤੋਂ 12:30 ਤੱਕ ਸੀ। ਇਸੇ ਹੀ ਟਾਈਮ ਵਿਚ ਟੀ.ਵੀ. ਵਾਲਿਆਂ ਨੇ ਗੁਰਦੁਆਰਾ ਸੰਤ ਕੁਟੀਆ ਤੋਂ ਸਿੱਧਾ ਪ੍ਰੋਗਰਾਮ ਪ੍ਰਸਾਰਣ ਕੀਤਾ। ਉਸ ਵਿਚ ਸਾਡਾ ਕੀਰਤਨ ਅੱਧਾ ਘੰਟਾ ਪ੍ਰਸਾਰਿਤ ਕੀਤਾ। ਕੀਰਤਨ ਦਰਬਾਰ ਦੇ ਪੰਡਾਲ ਵਿਚ ਪਹਿਲੇ ਸੰਗਤ ਬਹੁਤ ਘੱਟ ਸੀ। ਜਦੋਂ ਸਾਡਾ ਕੀਰਤਨ ਲੋਕਾਂ ਨੇ ਟੀ.ਵੀ. 'ਤੇ ਸੁਣਿਆ ਤਾਂ 15-20 ਮਿੰਟਾਂ ਵਿਚ ਹੀ ਪੰਡਾਲ ਭਰ ਗਿਆ। ਇਕ ਦਮ ਇਤਨੀ ਸੰਗਤ ਆ ਗਈ ਤੇ ਉਸ ਪ੍ਰੋਗਰਾਮ ਵਿਚ ਸਾਡੇ ਰਾਗੀ ਜਥੇ ਨੂੰ ਸਭਾ ਵਲੋਂ ਗੋਲਡ ਮੈਡਲ ਦਿੱਤੇ ਗਏ। ਜੋ ਅੱਜ ਤਕ ਸਾਡੇ ਪਾਸ ਹਨ ਅਤੇ ਸਾਨੂੰ 1994 ਵਿਚ ਭਾਈ ਮਰਦਾਨਾ ਸੁਸਾਇਟੀ ਫਿਰੋਜ਼ਪੁਰ ਵਲੋਂ ਭਾਈ ਮਰਦਾਨਾ ਪੁਰਸਕਾਰ ਪ੍ਰਾਪਤ ਹੋਇਆ। ਸੰਨ 1992 ਵਿਚ ਸੰਤ ਸੁੱਚਾ ਸਿੰਘ ਜੀ ਜਵੱਦੀ ਵਲੋਂ ਅਦੁੱਤੀ ਸੰਗੀਤ ਸੰਮੇਲਨ ਵਿਚ ਦੋ ਰਾਗ ਗਾਉਣ 'ਤੇ ਬਾਬਾ ਜੀ ਵਲੋਂ ਸ਼ੀਲਡ ਪ੍ਰਾਪਤ ਹੋਈ। ਇਹ ਹਨ ਜੀ ਸਾਡੇ ਪੁਰਸਕਾਰ।

---

*ਸਿਮਰਨ ਨਿਵਾਸ, ਗਲੀ ਨੰ:1, ਨਿਊ ਬਸੰਤ ਵਿਹਾਰ, ਲੁਧਿਆਣਾ*

# ਸੁਰਾਂ ਦੇ ਵਣਜਾਰੇ- ਭਾਈ ਮੁਨਸ਼ਾ ਸਿੰਘ (ਕਪੂਰਥਲਾ)

ਤੀਰਥ ਸਿੰਘ ਢਿੱਲੋਂ

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਅੰਮ੍ਰਿਤ ਮਈ ਬਚਨ ਹਨ- ਕੰਠ ਬਿਨਾ ਕੈਸੇ ਗਾਵਨਹਾਰੀ। ਅਰਥਾਤ ਸੁਰੀਲੇ ਕੰਠ ਬਿਨਾਂ, ਕਿਵੇਂ ਸੁਰੀਲਾ ਗਾਇਆ ਜਾ ਸਕਦੈ? ਸੁਰੀਲੇ ਗਾਇਨ ਲਈ ਪਹਿਲੀ ਲੋੜ ਹੈ- ਸੁਰਬੱਧ ਹੋਣਾ। ਪਰ ਅਕਾਲ ਪੁਰਖ ਦੀ ਅਪਾਰ ਬਖਸ਼ਿਸ਼ ਨਾਲ ਹੀ ਸ਼ੁੱਧ ਸੁਰ ਦੀ ਪ੍ਰਾਪਤੀ ਹੁੰਦੀ ਹੈ। ਸੁਰ ਸਾਧਨਾ ਕਰਨ ਵਾਲਾ ਜੇ ਰੱਬੀ ਬਾਣੀ ਦੇ ਕੀਰਤਨ ਨੂੰ ਜੀਵਨ ਦਾ ਹਿੱਸਾ ਬਣਾ ਲਵੇ ਤਾਂ ਉਸ ਉਤੇ ਅਕਾਲ ਪੁਰਖ ਦੀ ਅਪਾਰ ਕ੍ਰਿਪਾ ਹੁੰਦੀ ਹੈ। ਅਜਿਹੇ ਹੀ ਸੁਰਸਾਧਕ ਕੀਰਤਨੀਏ ਹਨ- ਭਾਈ (ਸੰਤ) ਮੁਨਸ਼ਾ ਸਿੰਘ ਕਪੂਰਥਲਾ ਵਾਲੇ। ਜਿਹੜੇ 81 ਸਾਲ ਦੀ ਉਮਰ ਵਿਚ ਕਮਾਲ ਦਾ ਕਲਾਤਮਿਕ ਕੀਰਤਨ ਕਰਦੇ ਹਨ।

ਭਾਈ ਮੁਨਸ਼ਾ ਸਿੰਘ ਦਾ ਜਨਮ 1926 ਨੂੰ ਪਿਤਾ ਸ੍ਰ: ਗਿਆਨ ਸਿੰਘ ਦੇ ਘਰ ਮਾਤਾ ਲਾਜਵੰਤ ਕੌਰ ਦੀ ਕੁਖੋਂ ਉਘੇ ਪਿੰਡ ਗੋਜਰਾਂ ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿਚ ਹੋਇਆ। ਘਰੇਲੂ ਕਿੱਤਾ ਖੇਤੀਬਾੜੀ ਦਾ ਸੀ ਪਰ ਬਾਲਕ ਮੁਨਸ਼ਾ ਸਿੰਘ ਦਾ ਮਨ ਸੰਗੀਤ ਵਾਲੇ ਪਾਸੇ ਸੀ। ਉਹਨਾਂ ਉਸ ਵੇਲੇ ਦੇ ਪ੍ਰਸਿੱਧ ਰਬਾਬੀ ਭਾਈ ਖਜ਼ਾਨ ਸਿੰਘ ਤੋਂ ਪ੍ਰਭਾਵਿਤ ਹੋ ਕੇ ਸੰਗੀਤ ਦੀ ਮੁੱਢਲੀ ਤਾਲੀਮ ਲਈ। ਦੇਸ਼ ਦੀ ਵੰਡ ਤੋਂ ਬਾਅਦ ਭਾਈ ਸਾਹਿਬ ਦਾ ਪਰਿਵਾਰ ਕਪੂਰਥਲੇ ਆ ਵਸਿਆ। ਉਹਨਾਂ ਪੰਥ ਦੇ ਮਾਰਤੰਡ ਕੀਰਤਨਕਾਰ ਸੰਤ ਸੁਜਾਨ ਸਿੰਘ ਦਿੱਲੀ ਵਾਲਿਆਂ ਪਾਸੋਂ ਅਸੀਸ ਲਈ, ਜਿਸ ਨਾਲ ਉਹਨਾਂ ਦੀ ਕੀਰਤਨ ਸ਼ੈਲੀ ਵਿਚ ਹੋਰ ਨਿਖਾਰ ਆਇਆ। ਉਹਨਾਂ ਕਲਾਸੀਕਲ ਸੰਗੀਤ ਦੇ ਪ੍ਰਸਿੱਧ ਉਸਤਾਦ ਸ੍ਰੀ ਸੋਹਣ ਸਿੰਘ ਤੋਂ ਵੀ ਰਾਗਾਂ ਦਾ ਡੂੰਘਾ ਗਿਆਨ ਪ੍ਰਾਪਤ ਕੀਤਾ। ਭਾਈ ਮੁਨਸ਼ਾ ਸਿੰਘ ਨੂੰ ਤਕਰੀਬਨ 6 ਸਾਲ ਸੰਤ ਬਾਬਾ ਨੰਦ ਸਿੰਘ ਨਾਨਕਸਰ ਕਲੇਰਾਂ ਵਾਲਿਆਂ ਦੀ ਸੰਗਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਹਨਾਂ ਦੇ ਜਥੇ ਸਮੇਤ ਸਮੁੱਚੇ ਭਾਰਤ ਤੋਂ ਇਲਾਵਾ ਇੰਗਲੈਂਡ ਵਿਚ ਵੀ ਕੀਰਤਨ ਦੀ ਅਨੰਦਮਈ ਵਰਖਾ ਕੀਤੀ। ਉਹਨਾਂ ਦੀ ਗਾਇਨ ਸ਼ੈਲੀ ਦੀਆਂ ਪ੍ਰਮੁੱਖਤਾਵਾਂ ਹਨ-ਰਾਗਦਾਰੀ ਦੀ ਪ੍ਰਪੱਕਤਾ, ਗਲੇ ਦੀਆਂ ਮੁਰਕੀਆਂ, ਤਾਨਪਲਟੇ, ਸਰਗਮ, ਢੁਕਵੇ ਪ੍ਰਮਾਣ ਅਤੇ ਸੁਰ ਅਤੇ ਤਾਲ ਦਾ ਸੰਪੂਰਨ ਸੁਮੇਲ। ਉਹਨਾਂ ਦੇ ਜਥੇ ਨੂੰ ਅਨੇਕਾਂ ਸਨਮਾਨ ਮਿਲੇ, ਜਿਹਨਾਂ ਵਿਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ (ਜਵੱਦੀ ਕਲਾਂ) ਵਿਖੇ ਭਾਈ ਮਰਦਾਨਾ ਐਵਾਰਡ, ਖਾਲਸਾ ਕਾਲਜ ਅੰਮ੍ਰਿਤਸਰ ਵਲੋਂ ਸਰਬੋਤਮ ਰਾਗੀ ਸਨਮਾਨ ਅਤੇ ਕਪੂਰਥਲਾ ਵਿਖੇ ਹੋਣ ਵਾਲੇ ਵਿਰਾਸਤੀ ਉਤਸਵ ਮੌਕੇ ਵਿਸ਼ੇਸ਼ ਐਵਾਰਡ। ਆਪ ਦੇ ਜਥੇ ਵਿਚ ਇਸ ਵੇਲੇ ਆਪ ਦੇ ਦੋ ਸਪੁੱਤਰ ਕੁਲਦੀਪ ਸਿੰਘ ਅਤੇ ਅਰਵਿੰਦ ਸਿੰਘ ਸਾਥ ਦੇ ਰਹੇ ਹਨ। ਭਲੋ ਭਲੋ ਰੇ ਕੀਰਤਨੀਆ - ਦੇ ਮਹਾਂਵਾਕ ਅਨੁਸਾਰ, ਉਹ ਸਾਰੇ ਕੀਰਤਨੀਆਂ ਦਾ ਸਤਿਕਾਰ ਕਰਦੇ ਹਨ। ਪਰ ਵਿਸ਼ੇਸ਼ ਤੌਰ 'ਤੇ ਸਵਰਗੀ ਸੰਤ ਬਹਾਦਰ ਸਿੰਘ ਜਲੰਧਰ, ਸਵਰਗੀ ਪ੍ਰੋ: ਹਰਚੰਦ ਸਿੰਘ ਲੁਧਿਆਣਾ, ਸਵਰਗੀ ਭਾਈ ਧਰਮ ਸਿੰਘ ਜ਼ਖ਼ਮੀ ਤੇ ਭਾਈ ਬਲਬੀਰ ਸਿੰਘ ਦੇ ਕਦਰਦਾਨ ਹਨ। ਉਨ੍ਹਾਂ ਦੀ ਲੋਚਾ ਹੈ ਕਿ ਕੀਰਤਨ ਦੇ ਖੇਤਰ ਵਿਚ ਰਬਾਬੀ ਕੀਰਤਨਕਾਰਾਂ (ਖ਼ਾਸ ਕਰਕੇ ਭਾਈ ਚਾਂਦ ਅਤੇ ਭਾਈ ਲਾਲ ਜੀ) ਵਲੋਂ ਤੋਰੀ ਪ੍ਰੰਪਰਾ ਅਤੇ ਸ਼ੈਲੀ ਸਦਕਾ ਕਾਇਮ ਰਹੇ ਅਤੇ ਉਹ ਸੁਨਹਿਰੀ ਦੌਰ ਗੁਰੂ ਕਿਰਪਾ ਸਦਕਾ ਪਰਤ ਆਵੇ।

*ਪਿੰਡ ਢਿੱਲਵਾਂ, ਡਾਕ: ਦਕੋਹਾ, ਜ਼ਿਲ੍ਹਾ ਜਲੰਧਰ।*

# ਗੁਰੂ ਘਰ ਦੇ ਕੀਰਤਨੀਏ ਭਾਈ ਯਸ਼ਪਾਲ ਸਿੰਘ

ਸੁਰਜੀਤਸਿੰਘ ਜੰਡਿਆਲਾ

ਗੁਰਬਾਣੀ ਦੇ ਕਥਨ ਕਲਯੁੱਗ ਮੇਂ ਕੀਰਤਨ ਪ੍ਰਧਾਨਾ ਦੇ ਅਨੁਸਾਰ ਗੁਰਬਾਣੀ ਕੀਰਤਨ ਨੂੰ ਸਿੱਖ ਧਰਮ ਅੰਦਰ ਪ੍ਰਮੁੱਖ ਸਥਾਨ ਹਾਸਲ ਹੈ। ਗੁਰਬਾਣੀ ਕੀਰਤਨ ਗਾਇਨ ਕਰਨ ਵਾਲੇ ਕੀਰਤਨੀਏ ਸੰਗਤਾਂ ਨੂੰ ਗੁਰ-ਸ਼ਬਦ ਨਾਲ ਜੋੜਨ ਦਾ ਪਰਉਪਕਾਰੀ ਕਾਰਜ ਕਰਦੇ ਹਨ। ਗੁਰਬਾਣੀ ਕੀਰਤਨ ਨੂੰ ਲੈਅ ਸੁਰਤਾਲ ਵਿਚ ਕਰਨ ਵਾਲੇ ਕੀਰਤਨੀਏ ਵਿਰਲੇ ਹੀ ਹਨ। ਇਲਾਹੀ ਬਾਣੀ ਦੀ ਧੁਨ ਜਦੋਂ ਗੁਰਬਾਣੀ ਦੇ ਰੰਗ ਵਿਚ ਰੰਗੇ ਕੀਰਤਨੀਏ ਦੇ ਮੂੰਹ ਵਿਚੋਂ ਨਿਕਲਦੀ ਹੈ ਤਾਂ ਸੰਗਤ ਨੂੰ ਆਪ ਮੁਹਾਰੇ ਹੀ ਕੀਲ ਕੇ ਬਾਣੀ ਦੇ ਰੰਗ ਵਿਚ ਰੰਗ ਦਿੰਦੀ ਹੈ। ਆਪਣੀ ਗਾਇਨ-ਸ਼ੈਲੀ ਰਾਹੀਂ ਸੰਗਤਾਂ ਉਪਰ ਚੁੰਬਕੀ ਅਸਰ ਪਾਉਣ ਵਾਲੇ ਹਨ ਪ੍ਰਸਿੱਧ ਕੀਰਤਨੀਏ ਭਾਈ ਯਸ਼ਪਾਲ ਸਿੰਘ। ਜਿਲ੍ਹਾ ਜਲੰਧਰ ਦੇ ਛੋਟੇ ਜਿਹੇ ਪਿੰਡ ਦੀਵਾਲੀ ਵਿਚ ਪਿਤਾ ਸ੍ਰ. ਤਰਸੇਮ ਸਿੰਘ ਅਤੇ ਮਾਤਾ ਸਰਦਾਰਨੀ ਗੁਰਦੀਪ ਕੌਰ ਦੇ ਘਰ ਜਨਮੇ ਭਾਈ ਯਸ਼ਪਾਲ ਸਿੰਘ ਦੇ ਕੀਰਤਨੀ ਜਥੇ ਵਿਚ ਹਾਰਮੋਨੀਅਮ 'ਤੇ ਉਹਨਾਂ ਦਾ ਸਾਥ ਬਲਬੀਰ ਸਿੰਘ ਅਤੇ ਤਬਲੇ 'ਤੇ ਇੰਦਰਜੀਤ ਸਿੰਘ ਬੰਟੀ ਦਿੰਦੇ ਹਨ। ਉਸਤਾਦ ਵਿਨੋਦ ਵਰਮਾ ਅਤੇ ਭਾਈ ਗੁਰਮੀਤ ਸਿੰਘ ਸ਼ਾਂਤ, ਭਾਈ ਬਲਕਾਰ ਸਿੰਘ ਮੁਲਤਾਨੀ ਤੋਂ ਲੈ-ਸੁਰ ਦੀਆਂ ਬਾਰੀਕੀਆਂ ਸਮਝ ਕੇ ਗੁਰਮਤਿ ਸੰਗੀਤ ਵਿਚ ਨਾਮਣਾ ਖੱਟਣ ਵਾਲੇ ਭਾਈ ਯਸ਼ਪਾਲ ਸਿੰਘ ਆਪਣੇ ਕੀਰਤਨੀ ਜਥੇ ਸਮੇਤ ਦੁਬਈ, ਇੰਗਲੈਂਡ, ਕਨੇਡਾ ਆਦਿ ਮੁਲਕਾਂ ਵਿਚ ਵੀ ਕੀਰਤਨ ਦੀ ਛਹਿਬਰ ਲਾ ਚੁੱਕੇ ਹਨ। ਭਾਈ ਨਿਰਮਲ ਸਿੰਘ ਹਜ਼ੂਰੀ ਰਾਗੀ ਅਤੇ ਭਾਈ ਗੁਰਮੀਤ ਸਿੰਘ ਸ਼ਾਂਤ ਨੂੰ ਆਪਣਾ ਪ੍ਰੇਰਨਾ ਸਰੋਤ ਮੰਨਦੇ ਭਾਈ ਯਸ਼ਪਾਲ ਸਿੰਘ ਸੰਗਤਾਂ ਦੀ ਝੋਲੀ ਆਪਣੀ ਮਾਖਿਓਂ ਮਿੱਠੀ ਆਵਾਜ਼ ਰਾਹੀਂ ਗੁਰਬਾਣੀ ਕੀਰਤਨ ਦੀ ਕੈਸਿਟ ਮੇਰੀ ਪ੍ਰੀਤ ਗੋਬਿੰਦ ਸਿਉਂ ਪਾ ਚੁੱਕੇ ਹਨ। ਅੱਜਕਲ੍ਹ ਭਾਈ ਸਾਹਿਬ ਨਵੀਂ ਸ਼ਬਦਾਂ ਦੀ ਕੈਸਿਟ ਦੀ ਤਿਆਰੀ ਵਿਚ ਰੁੱਝੇ ਹੋਏ ਹਨ। ਭਾਈ ਯਸ਼ਪਾਲ ਸਿੰਘ ਹੁਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਜਥੇ ਨੂੰ ਸਰਦਾਰ ਗੁਰਬਖਸ਼ ਸਿੰਘ ਚੇਅਰਮੈਨ ਗੁਰਮਤਿ ਮਸ਼ੀਨਰੀ ਕਾਲਜ ਅਤੇ ਸਰਦਾਰ ਬਲਵੰਤ ਸਿੰਘ ਵੱਲੋਂ ਮਿਲੇ ਭਰਪੂਰ ਸਹਿਯੋਗ ਨੂੰ ਝੁਠਲਾਇਆ ਨਹੀਂ ਜਾ ਸਕਦਾ।

*ਮਕਾਨ ਨੰ:625, ਜੰਡਿਆਲਾ ਮੰਜਕੀ।*

# ਪੰਜਾਬੀ ਗਾਇਕੀ ਦਾ ਇਕ ਸਦੀ ਦਾ ਵਿਰਸਾ ਸਾਂਭੀ ਬੈਠਾ ਹੈ - ਗੁਰਮੁਖ ਸਿੰਘ ਲਾਲੀ

ਬੂਟਾ ਸਿੰਘ ਚੌਹਾਨ

ਇਕ ਲੋਕ ਕਹਾਵਤ ਹੈ ਕਿ ਧਰਤੀ, ਹੀਰੇ ਅਤੇ ਸੋਨਾ ਚਾਂਦੀ ਦਾ ਮੁੱਲ ਹੁੰਦਾ ਹੈ। ਪਰ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ। ਇਹ ਧਾਰਨਾ ਸੱਚ ਕਰ ਵਿਖਾਈ ਹੈ ਬਰਨਾਲਾ ਨੇੜਲੇ ਪਿੰਡ ਨਾਈਵਾਲਾ ਦੇ ਸਵਰਗੀ ਜਥੇਦਾਰ ਪ੍ਰਗਟ ਸਿੰਘ ਦੇ ਇਕੋ ਇਕ ਪੁੱਤਰ ਗੁਰਮੁਖ ਸਿੰਘ ਲਾਲੀ ਨੇ, ਜਿਸ ਨੇ ਜਿਹੜੇ ਵੀ ਸੂਬੇ ਵਿਚ ਪੰਜਾਬੀ ਰਹਿੰਦੇ ਸਨ ਉਨ੍ਹਾਂ ਸ਼ਹਿਰਾਂ ਦੀ ਮਿੱਟੀ ਛਾਣੀ ਅਤੇ ਪੱਥਰ ਦੇ ਤਵੇ ਵੇਚਣ ਵਾਲੇ ਵਿਕਰੇਤਾਂ ਦੇ ਮਿੱਟੀ ਭਰੇ ਸਟੋਰਾਂ ਵਿਚੋਂ ਪੰਜਾਬੀ ਗਾਇਕੀ ਦੇ ਹੀਰੇ ਲੱਭਣ 'ਤੇ ਆਪਣੀ ਜ਼ਿੰਦਗੀ ਦੇ 25 ਸਾਲ ਹੀ ਨਹੀਂ ਲਾਏ ਸਗੋਂ ਇਸ ਅਥਰੇ ਘੋੜੇ ਵਰਗੇ ਚਾਅ ਤੋਂ 18 ਲੱਖ ਰੁਪਏ ਵੀ ਵਾਰ ਦਿੱਤੇ ਹਨ।

ਉਮਦੀ ਮਾਂ ਗੁਰਜੀਤ ਕੌਰ ਨੇ ਉਸਦਾ ਨਾਂਅ ਲਾਲੀ ਇਸ ਲਈ ਰੱਖਿਆ ਸੀ ਕਿ ਉਹ ਸੂਰਜ ਦੀ ਲਾਲੀ ਬਣਕੇ ਉਨ੍ਹਾਂ ਦੇ ਵਿਹੜੇ ਵਿਚ ਰੌਸ਼ਨੀ ਕਰੇਗਾ ਪਰ ਇਹ ਕਦੇ ਉਸਨੇ ਸੁਫ਼ਨੇ ਵਿਚ ਵੀ ਨਹੀਂ ਸੀ ਸੋਚਿਆ ਕਿ ਉਸ ਦਾ ਲਾਲੀ ਪੰਜਾਬੀ ਗਾਇਕੀ ਦੇ ਲਾਲਾਂ ਨੂੰ ਇਕੱਤਰ ਕਰਨ 'ਤੇ ਆਪਣੀ ਜ਼ਿੰਦਗੀ ਲਾ ਦੇਵੇਗਾ।

ਲਾਲੀ ਦਾ ਬਾਪ ਸ. ਸੁਰਜੀਤ ਸਿੰਘ ਬਰਨਾਲਾ ਦੀ ਸੱਜੀ ਬਾਂਹ ਸੀ, ਉਸ ਨੇ ਪਿੰਡ ਵਿਚ ਸਭ ਤੋਂ ਪਹਿਲਾਂ ਟਿਊਬਾਂ ਵਾਲਾ ਰੇਡੀਓ ਲਿਆਂਦਾ, ਜਿਸ 'ਤੇ ਆਉਂਦੇ ਗੀਤਾਂ, 'ਭਾਖੜੇ ਤੋਂ ਆਉਂਦੀ ਮੁਟਿਆਰ ਨੱਚਦੀ' ਅਤੇ 'ਜੱਟੀ ਪੜ੍ਹ ਕੇ ਜਮਾਤਾਂ ਚਾਰ ਪੰਚਣੀ ਪਿੰਡ ਦੀ ਬਣੀ ' ਤੋਂ ਇਲਾਵਾ ਉਸਨੇ ਹੋਰ ਗੀਤ ਸੁਣੇ ਤਾਂ 1963 ਵਿਚ ਉਹ ਗਾਇਕੀ ਨਾਲ ਪਰਨਾਇਆ ਗਿਆ। ਇਕ ਵਾਰ ਉਸ ਦੇ ਪਿਤਾ ਜਦੋਂ ਸ. ਸੁਰਜੀਤ ਸਿੰਘ ਬਰਨਾਲਾ 1977 ਵਿਚ ਕੇਂਦਰੀ ਖੇਤੀਬਾੜੀ ਮੰਤਰੀ ਸਨ, ਦਿੱਲੀ ਗਏ ਅਤੇ ਉਥੋਂ ਟੇਪਰਿਕਾਰਡ ਲਿਆਏ। ਲਾਲੀ ਨੇ ਆਪਣਾ ਸ਼ੌਕ ਪੂਰਾ ਕਰਨ ਲਈ ਦੋ ਹਜ਼ਾਰ ਰੁਪਏ ਦੀਆਂ ਕੈਸਟਾਂ ਵੀ ਖਰੀਦੀਆਂ। ਪਰ ਜਦੋਂ ਸਾਉਣ ਭਾਦੋਂ ਦੇ ਮੀਂਹ ਪਏ ਤਾਂ ਸਿੱਲ੍ਹ ਨਾਲ ਅੱਧੀਆਂ ਕੈਸਟਾਂ ਦੇ ਫੀਤੇ ਖਰਾਬ ਹੋ ਗਏ ਤਾਂ ਉਹਦੇ ਮਨ 'ਚ ਪੱਥਰ ਦੇ ਤਵੇ ਲਿਆਉਣ ਦੀ ਰੀਝ ਜਾਗੀ।

ਲਾਲੀ ਭਾਵੇਂ ਸਹਿਕਾਰੀ ਬੈਂਕ ਵਿਚ ਮੁਲਾਜ਼ਮ ਸੀ, ਪਰ ਫਿਰ ਉਹ ਆਪਣੇ ਸ਼ੌਕ ਨਾਲ ਰੁਝਿਆ, ਸਹਾਰਨਪੁਰ, ਮੇਰਠ, ਮੁਜ਼ੱਫਰਨਗਰ, ਕਾਨਪੁਰ, ਇੰਦੌਰ, ਜੈਪੁਰ, ਭੋਪਾਲ, ਨਾਗਪੁਰ, ਮੁੰਬਈ, ਦੇਹਰਾਦੂਨ, ਨੈਨੀਤਾਲ, ਗੋਰਖਪੁਰ, ਗਵਾਲੀਅਰ, ਗੰਗਾਨਗਰ, ਹਿਸਾਰ, ਆਗਰਾ, ਜਬਲਪੁਰ, ਝਾਂਸੀ, ਮੁਰਾਦਾਬਾਦ, ਸੂਰਤਗੜ੍ਹ, ਹਨੂੰਮਾਨਗੜ੍ਹ, ਬੀਕਾਨੇਰ ਅਤੇ ਦੂਰ ਦੂਰ ਤੱਕ ਉਨ੍ਹਾਂ ਸ਼ਹਿਰਾਂ ਵਿਚ ਤਵਿਆਂ (ਲਾਖ ਦੇ ਰਿਕਾਰਡ) ਦੀ ਭਾਲ ਵਿਚ ਗਿਆ, ਜਿਥੇ ਕਿਤੇ ਵੀ ਪੰਜਾਬੀ ਰਹਿੰਦੇ ਸਨ। ਉਸਨੇ ਦਸਿਆ ਕਿ ਭਾਵੇਂ ਗੀਤਾਂ ਦੇ ਤਵਿਆਂ ਦੀ ਕੀਮਤ ਦੋ ਰੁਪਏ ਹੁੰਦੀ ਸੀ ਪਰ ਉਸਨੇ ਦੁਕਾਨਦਾਰਾਂ ਨੂੰ ਮੂੰਹ ਮੰਗੇ ਪੈਸੇ ਦਿੱਤੇ ਅਤੇ ਦੋ-ਦੋ ਹਜ਼ਾਰ ਰੁਪਏ ਖਰਚ ਕੇ ਵੀ ਪੁਰਾਣੇ ਰਿਕਾਰਡ ਖਰੀਦੇ। ਉਸ ਕੋਲ 20 ਹਜ਼ਾਰ ਤੋਂ ਵੱਧ ਲਾਖ ਦੇ ਅਤੇ ਪਲਾਸਟਿਕ ਦੇ ਰਿਕਾਰਡ ਹਨ, ਜਿਨ੍ਹਾਂ ਵਿਚ ਹਰਿਮੰਦਰ ਸਾਹਿਬ ਤੋਂ ਉਤਮ ਸਿੰਘ ਹਕੀਮ ਵਲੋਂ ਕੀਤੀ ਗਈ 20ਵੀਂ ਸਦੀ ਦੇ ਪਹਿਲੇ ਦਹਾਕੇ ਦੀ ਅਰਦਾਸ ਅਤੇ ਭਾਈ ਉਤਮ ਸਿੰਘ ਹਕੀਮ (ਅੰਮ੍ਰਿਤਸਰ) ਅਤੇ ਉਸਦੇ ਭਰਾ ਦੀ ਅਵਾਜ ਵਿਚ ਪਹਿਲੇ ਦਹਾਕੇ ਦਾ ਦੋਗਾਣਾ, ਦੱਖਣ ਦੀ ਸ਼ੋਭਾ ਲਕਸ਼ਮਣੀ ਦੇ ਗਾਏ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ਬਦ, ਦੂਜੇ ਦਹਾਕੇ ਦੇ ਭਾਈ ਘਸੀਟਾ, ਭਾਈ ਰਾਮ, ਸੱਜਣ ਸਿੰਘ ਤੇ ਮਿੱਤ ਸਿੰਘ ਦੀਆਂ ਸਿੱਠਣੀਆਂ ਅਤੇ ਕੌਲਾਂ ਦੀ ਸਭ ਤੋਂ ਪਹਿਲੀ ਕਲੀ, ਇੰਦਰ ਸਿੰਘ ਤੇ ਮਿਹਰ ਸਿੰਘ ਦੀ ਡਿਊਟ ਕਲੀ, ਸੁਥਰਾ ਐਂਡ ਪਾਰਟੀ ਦੇ ਲੋਕ ਤੱਥ, ਬੁੱਧ ਸਿੰਘ ਤਾਨ, ਭਾਈ ਸੁਧ ਸਿੰਘ, ਪ੍ਰਧਾਨ ਸਿੰਘ ਭਾਈ ਸਰਦਾਰਾ ਸਿੰਘ, ਭਾਈ ਸੁਰਜਨ ਸਿੰਘ ਰਾਗੀ ਦੀ ਆਸਾ ਦੀ ਵਾਰ ਅਤੇ ਜਪੁਜੀ ਸਾਹਿਬ ਦੇ ਕੁਝ ਰਿਕਾਰਡ , ਚੈਨ ਸਿੰਘ, ਅੱਛਰਾ ਸਿੰਘ, ਕੇਹਰ ਸਿੰਘ ਮਿੱਤਰ, ਭਾਈ ਸਮੁੰਦ ਸਿੰਘ ਰਾਗੀ ਦਾ ਆਨੰਦ ਸਾਹਿਬ, ਕੇ.ਐਲ. ਸਹਿਗਲ ਦੇ ਚਾਰ ਪੰਜਾਬੀ ਗੀਤਾਂ ਤੋਂ ਇਲਾਵਾ ਭਾਈ ਛੈਲਾ ਜੀ (ਪਟਿਆਲਾ), ਮਿਸ ਦੁਲਾਰੀ, ਦੇਵਕੀ ਰਾਣੀ, ਆਗਾ ਫੈਜ਼, ਮਿਸ ਗੌਹਰ ਜਾਨ, ਦਿਲਸ਼ਾਦ ਬੇਗਮ, ਸੁਰਿੰਦਰ ਕੌਰ, ਪ੍ਰਕਾਸ਼ ਕੌਰ, ਨਰਿੰਦਰ ਕੌਰ, ਚਾਂਦੀ ਰਾਮ, ਸ਼ਾਂਤੀ, ਆਸਾ ਸਿੰਘ ਮਸਤਾਨਾ, ਲਾਲ ਚੰਦ

ਯਮਲਾ ਜੱਟ, ਭਗਤ ਸਿੰਘ ਜੱਗਾ, ਨਰਿੰਦਰ ਬੀਬਾ, ਗੁਰਪਾਲ ਸਿੰਘ ਪਾਲ, ਹਰਭਜਨ ਸਿੰਘ ਰਤਨ, ਦਲੀਪ ਸਿੰਘ ਦੀਪ, ਸਾਬਰ ਹੁਸੈਨ, ਊਸ਼ਾ ਸੇਠ, ਰਿਪੁਦਮਣ ਸ਼ੈਲੀ, ਸੇਠ ਵਿੱਦਿਆ ਨਾਥ, ਸ਼ੁਧਾ ਮਲਹੋਤਰਾ, ਮਹਿੰਦਰ ਕੌਰ ਆਦਿ ਦੇ ਗੀਤ, ਢਾਡੀ ਅਮਰ ਸਿੰਘ ਸ਼ੌਂਕੀ, ਦੀਦਾਰ ਸਿੰਘ ਰਟੈਂਡਾ, ਗੁਰਬਖਸ਼ ਸਿੰਘ ਢਾਡੀ, ਭੂਰਾ ਸਿੰਘ ਢਾਡੀ, ਗੰਗਾ ਸਿੰਘ ਢਾਡੀ, ਸੰਤ ਫਤਹਿ ਸਿੰਘ ਦਾ ਕੀਰਤਨ, ਜਵਾਹਰ ਲਾਲ ਨਹਿਰੂ, ਮਹਾਤਮਾ ਗਾਂਧੀ, ਸਰੋਜਨੀ ਨਾਇਡੂ, ਸੁਭਾਸ਼ ਚੰਦਰ ਬੋਸ, ਲਾਲ ਬਹਾਦਰ ਸ਼ਾਸਤਰੀ, ਡਾ. ਰਾਜਿੰਦਰ ਪ੍ਰਸਾਦਿ, ਡਾ. ਜ਼ਾਕੁਰ ਹੁਸੈਨ ਦੀਆਂ ਤਕਰੀਰਾਂ, ਤੋਂ ਇਲਾਵਾ ਪੰਜਾਬੀ ਕਵੀਆਂ ਦੀ ਸ਼ਾਇਰੀ ਦੇਸ਼ ਭਗਤੀ ਦੇ ਗੀਤ, ਕੱਵਾਲੀਆਂ ਅਤੇ ਹੋਰ ਅਨੇਕਾਂ ਵਿਸ਼ਿਆਂ ਦੇ ਰਿਕਾਰਡ ਉਸ ਦੀ ਲਾਇਬਰੇਰੀ ਵਿਚ ਸਾਮਲ ਹਨ। ਇਸ ਤੋਂ ਇਲਾਵਾ ਪ੍ਰਸਿਧ ਸ਼ਾਇਰਾ ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ ਬਟਾਲਵੀ, ਸਾਧੂ ਸਿੰਘ ਹਮਦਰਦ ਅਤੇ ਸੰਤ ਰਾਮ ਉਦਾਸੀ ਦੀਆਂ ਆਵਾਜ਼ਾਂ ਵੀ ਉਸ ਦੀ ਲਾਇਬਰੇਰੀ ਦੀ ਸ਼ਾਨ ਹਨ। ਉਸ ਨੇ ਦਸਿਆ ਕਿ ਉਹ ਮੌਜੂਦਾ ਪੰਜਾਬੀ ਦੇ ਵੱਡੇ ਸ਼ਾਇਰਾਂ ਦੀਆਂ ਆਵਾਜ਼ਾਂ ਵੀ ਸਾਂਭਣ ਦਾ ਪ੍ਰੋਗਰਾਮ ਬਣਾ ਰਿਹਾ ਹੈ।

ਲਾਲੀ ਕੋਲ ਪੰਜਾਬੀ ਗਾਇਕੀ ਦਾ ਅਥਾਹ ਖਜ਼ਾਨਾ ਹੈ। ਪੰਜਾਬੀ ਗਾਇਕੀ ਦੇ ਵਿਰਸੇ ਨਾਲ ਮਾਨਸਿਕ ਤੌਰ 'ਤੇ ਉਸ ਦੇ ਜੁੜੇ ਹੋਣ ਦਾ ਇਸ ਗੱਲ ਤੋਂ ਪਤਾ ਲੱਗਦਾ ਹੈ ਕਿ ਉਸਨੂੰ ਆਪਣੀ ਲਾਇਬਰੇਰੀ ਵਿਚ ਲੱਗੇ ਰਿਕਾਰਡਾਂ ਦੇ ਢੇਰਾਂ ਵਿਚੋਂ ਸੁਣਨ ਆਏ ਸਰੋਤੇ ਦੀ ਮੰਗ ਮੁਤਾਬਕ ਗੀਤ ਲੱਭਣ ਦੇ ਇਕ ਮਿੰਟ ਮਸਾਂ ਲਾਉਂਦਾ ਹੈ। ਜਦੋਂ ਕਿਸੇ ਨੂੰ ਉਹ ਗੀਤ ਸੁਣਾ ਰਿਹਾ ਹੁੰਦਾ ਹੈ ਤਾਂ ਉਸ ਦਾ ਸਾਲ, ਉਸ ਦਾ ਰਾਗ ਅਤੇ ਗਾਇਕ ਤੇ ਲੇਖਕ ਬਾਰੇ ਮੂੰਹ ਜ਼ੁਬਾਨੀ ਦੱਸ ਰਿਹਾ ਹੁੰਦਾ ਹੈ। ਹੋਰ ਤਾਂ ਹੋਰ ਜਿਨ੍ਹਾਂ ਪੜਾਵਾਂ ਵਿਚੋਂ ਪੰਜਾਬੀ ਗਾਇਕੀ ਲੰਘੀ ਹੈ, ਉਸਨੂੰ ਹਰ ਪੜਾਅ ਦਾ ਗਿਆਨ ਹੈ। ਉਹ ਦਸਦਾ ਹੈ ਕਿ ਜਦੋਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਪੰਜਾਬੀ ਗੀਤ ਬਣਦੇ ਸਨ ਤਾਂ ਉਦੋਂ ਰਾਜੇ ਮਹਾਰਾਜਿਆਂ, ਖਾਂਦੇ ਪੀਂਦੇ ਘਰਾਂ ਅਤੇ ਅਮੀਰ ਘਰਾਣਿਆਂ ਦੇ ਲੋਕਾਂ ਦੇ ਘਰਾਂ ਵਿਚ ਹੀ ਗਰਾਮੋ ਫੋਨ ਮਸ਼ੀਨਾਂ ਸਨ। ਮਸਾਂ ਸੌ ਦੇ ਕਰੀਬ ਰਿਕਾਰਡ ਪਹਿਲੀ ਵਾਰ ਬਣਾਏ ਜਾਂਦੇ ਸਨ ਪਰ ਜਦੋਂ ਹੌਲੀ ਹੌਲੀ ਗਰਾਮੋਫੋਨ ਤੋਂ ਬਾਅਦ ਸਪੀਕਰ ਹੋਂਦ ਵਿਚ ਆਇਆ ਅਤੇ ਲੋਕਾਂ ਨੇ ਵਿਆਹ ਸ਼ਾਦੀਆਂ ਵਿਚ ਰਿਕਾਰਡ ਵਜਾਉਣਾ ਸ਼ੁਰੂ ਕਰ ਦਿੱਤੇ ਤਾਂ ਹੌਲੀ ਹੌਲੀ ਨਵੇਂ ਰਿਲੀਜ਼ ਕੀਤੇ ਜਾਣ ਵਾਲੇ ਗੀਤਾਂ ਦੀ ਗਿਣਤੀ ਵਧਣ ਲੱਗੀ ਅਤੇ ਗਾਇਕਾਂ ਨੂੰ ਰਿਆਲਿਟੀ ਦੇ ਪੈਸੇ ਮਿਲਣ ਲੱਗੇ। ਉਹ ਇਹ ਵੀ ਦਸਦਾ ਹੈ ਕਿ ਜਦੋਂ ਕਰਨੈਲ ਸਿੰਘ ਪਾਰਸ ਨੇ ਕਲਕੱਤੇ ਆਪਣੀਆਂ ਕਲੀਆਂ ਅਤੇ ਵਾਰਾਂ ਦੀ ਪਹਿਲੀ ਰਿਕਾਰਡਿੰਗ ਕਰਵਾਉਣ ਜਾਣਾ ਸੀ ਤਾਂ ਉਨ੍ਹਾਂ ਨੂੰ ਆਉਣ ਜਾਣੈ ਦਾ ਕਿਰਾਇਆ ਦੇ ਕੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਉਨ੍ਹਾਂ ਤੇ ਬਹੁਤ ਵੱਡਾ ਅਹਿਸਾਨ ਕੀਤਾ ਸੀ। ਉਦੋਂ ਕੰਪਨੀਆਂ ਸਨ, ਗਾਇਕ ਸਨ ਪਰ ਗਾਇਕਾਂ ਕੋਲ ਕਿਰਾਇਆ ਨਹੀਂ ਸੀ ਹੁੰਦਾ ਪਰ ਨਾਲ ਹੀ ਉਹ ਕਹਿੰਦਾ ਹੈ ਕਿ ਉਦੋਂ ਗਾਇਕਾਂ ਕੋਲ ਗਾਇਕੀ ਸੀ, ਰਾਗ ਸੀ, ਆਵਾਜ਼ ਸੀ ਪਰ ਪੈਸੇ ਨਹੀਂ ਸਨ ਪਰ ਅੱਜ ਕਲ੍ਹ ਨਵੇਂ ਗਾਇਕਾਂ ਕੋਲ ਪੈਸਾ ਹੈ ਅਤੇ ਹੋਰ ਕੁਝ ਨਹੀਂ।

ਲਾਲੀ ਇਹ ਵੀ ਦਸਦਾ ਹੈ ਕਿ ਟੇਪ ਰਿਕਾਰਡਰ ਦੇ ਆਉਣ ਨਾਲ ਜਦੋਂ ਪਲਾਸਟਿਕ ਦੇ ਰਿਕਾਰਡਾਂ ਦਾ ਅੰਤ ਹੋਇਆ ਉਦੋਂ ਤਕ ਪੰਜਾਬੀ ਗਾਇਕੀ ਦੀ ਝੋਲੀ ਵਿਚ ਹਰ ਵਿਸ਼ੇ ਨਾਲ ਸਬੰਧਤ ਗੀਤ ਪੈਂਦੇ ਸਨ। ਉਹ ਦਸਦਾ ਹੈ ਕਿ ਉਸ ਕੋਲ ਇਕ ਗਾਇਕ ਦਾ 1947 ਦੇ ਉਜਾੜੇ ਨਾਲ ਸਬੰਧਤ ਗੀਤ ਵੀ ਹੈ ਅਤੇ ਉਸ ਪਿਛੋਂ ਜਿੰਨੀਆਂ ਲੜਾਈਆਂ ਲੱਗੀਆਂ, ਉਨ੍ਹਾਂ ਨਾਲ ਸਬੰਧਤ ਗੀਤ ਵੀ। ਪਰ ਦੁੱਖ ਦੀ ਗੱਲ ਹੈ ਕਿ ਗੀਤਕਾਰਾਂ ਅਤੇ ਗਾਇਕਾਂ ਕੋਲ ਸਿਰਫ਼ ਕੁੜੀਆਂ ਮੁਡਿਆਂ ਦੇ ਗੀਤ ਰਹਿ ਗਏ ਹਨ। ਆਟੇ 'ਚ ਲੂਣ ਜੋਗੇ ਗਾਇਕ ਵੀ ਨਹੀਂ, ਜਿਹੜੇ ਲੋਕਾਂ ਦੇ ਜੀਵਨ ਦੇ ਦੁੱਖਾਂ ਦੇ ਗੀਤ ਗਾ ਕੇ ਉਨ੍ਹਾਂ ਲਈ ਸੰਜੀਵਨੀ ਬਣਦੇ ਹੋਣ। ਉਹ ਦਸਦਾ ਹੈ ਕਿ ਸਮਾਜ ਬੇਕਿਰਕਾ ਪੱਥਰ ਦਿਲ, ਧੋਖੇਬਾਜ਼ੀਆਂ, ਦਗੇਬਾਜ਼ੀਆਂ, ਅਤੇ ਹੋਰ ਬੁਰਾਈਆਂ ਦਾ ਇਸ ਕਰਕੇ ਵੀ ਸ਼ਿਕਾਰ ਹੋ ਰਿਹਾ ਹੈ ਕਿ ਗੀਤਾਂ ਰਾਹੀਂ ਅੱਜ ਕਲ੍ਹ ਉਹ ਸ਼ਾਂਤੀ ਨਹੀਂ ਮਿਲਦੀ, ਜਿਹੜੀ ਵੀਹਵੀਂ ਸਦੀ ਦੇ ਸੱਤਵੇਂ ਅੱਠਵੇਂ ਦਹਾਕੇ ਤਕ ਮਿਲਦੀ ਸੀ।

ਲਾਲੀ ਨੂੰ ਹੁਣ ਤਕ ਕਈ ਦਰਜਨਾਂ ਇਨਾਮ ਅਤੇ ਸਨਮਾਨ ਮਿਲਚੁੱਕੇ ਹਨ। ਜਿਸ ਵਿਚ ਸਾਹਿਤ ਕਲਾ ਸੰਗਮ ਦਿੱਲੀ ਵਲੋਂ ਸਾਬਕਾ ਸੂਚਨਾ ਅਤੇ ਪ੍ਰਸਾਰਨ ਮੰਤਰੀ ਸ੍ਰੀ ਸੁਸ਼ਮਾ ਸਵਰਾਜ ਨੇ ਵੀ ਉਸ ਨੂੰ ਐਸ.ਐਸ. ਰੰਧਾਵਾ ਐਵਾਰਡ ਨਾਲ ਸਨਮਾਨਿਤ ਕੀਤਾ ਸੀ। ਉਸ ਨੇ ਅੱਜੇ ਤਕ ਆਪਣੇ ਘਰ ਵਿਚ ਹੀ ਆਪਣੇ ਪਿਤਾ ਜਥੇਦਾਰ ਪ੍ਰਗਟ ਸਿੰਘ ਨਾਈਵਾਲਾ ਦੀ ਯਾਦ ਵਿਚ ਅਧੁਨਿਕ

ਸਹੂਲਤਾਂ ਵਾਲੀ ਸੰਗੀਤਕ ਲਾਇਬਰੇਰੀ ਬਣਾਈ ਹੋਈ ਹੈ, ਜਿਸ ਵਿਚ ਰਿਕਾਰਡ ਸੁਣਨ ਲਈ ਵਿਦੇਸ਼ਾਂ 'ਚ ਬਣੀ ਹੋਈ ਅਧੁਨਿਕ ਮਸ਼ੀਨ ਹੈ ਪਰ ਹੁਣ ਉਹ ਆਪਣੇ ਪਿੰਡ ਵਿਚ ਹੀ ਇਕ ਬਹੁਤ ਵੱਡੀ ਸੰਗੀਤਕ ਲਾਇਬਰੇਰੀ ਉਸਾਰਨ ਦਾ ਪ੍ਰੋਗਰਾਮ ਬਣਾ ਚੁੱਕਿਆ ਹੈ, ਜਿਸ ਵਿਚ ਘੱਟੋ ਘੱਟ 100 ਸਰੋਤੇ ਇਕੋ ਸਮੇਂ ਸ਼ੋਰ ਰਹਿਤ ਗਾਇਕੀ ਸੁਣ ਸਕਣਗੇ। ਉਸਨੇ ਦਸਿਆ ਕਿ ਉਸ ਕੋਲ ਆਉਣ ਵਾਲੇ ਦੇਸ਼ਾਂ ਵਿਦੇਸ਼ਾਂ ਤੋਂ ਪੰਜਾਬੀ ਗਾਇਕੀ ਦੇ ਸ਼ੌਦਾਈਆਂ ਦੀ ਗਿਣਤੀ ਦਿਨੋਂ ਦਿਨ ਵਧ ਰਹੀ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਆਪਣੀ ਸੰਗੀਤਕ ਲਾਇਬਰੇਰੀ ਨੂੰ ਕੰਪਿਊਟਰਾਈਜ਼ਡ ਕਰਕੇ ਪੰਜਾਬੀ ਗਾਇਕੀ ਦੇ 80 ਸਾਲਾ ਇਤਿਹਾਸ ਨੂੰ ਆਉਣ ਵਾਲੀਆਂ ਪੀੜ੍ਹੀਆਂ ਦੇ ਹਵਾਲੇ ਕਰ ਜਾਵਾਂ।

*('ਰੋਜ਼ਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)*

# ਗੁਰਮਤਿ ਸੰਗੀਤ ਨੂੰ ਸਮਰਪਿਤ ਇਕ ਅਮਰੀਕਨ ਬੀਬੀ ਜੇਨ ਪਰੋਟੋਪੋਪਸ

## ਗੁਰਜੰਤ ਸਿੰਘ ਰਾਹੀ

ਪੰਜਾਬੀ ਯੂਨੀਵਰਸਿਟੀ ਵਿਖੇ ਗੁਰਮਤਿ ਸੰਗੀਤ ਉਤਸਵ ਸਮੇਂ ਜਿਥੇ ਪੰਡਾਲ ਸਰੋਤਿਆਂ ਨਾਲ ਭਰਿਆ ਪਿਆ ਸੀ ਸਾਰੇ ਹੀ ਬੜੇ ਸ਼ਰਧਾ ਅਤੇ ਧਿਆਨ ਨਾਲ ਗੁਰਮਤਿ ਸੰਗੀਤ ਗਾਇਨ ਦਾ ਆਨੰਦ ਲੈ ਰਹੇ ਸਨ। ਸਟੇਜ ਦੇ ਬਿਲਕੁਲ ਨੇੜੇ ਇਕ ਲੰਮੀ ਪਤਲੀ ਮੋਤੀਆ ਰੰਗ ਦੀ ਸਾਦੀ ਪੰਜਾਬੀ ਪੁਸ਼ਾਕ ਪਾਈ ਮੋਤੀਆ ਰੰਗ ਦੀ ਮੁਟਿਆਰ ਸਾਰੇ ਰਾਗੀ ਜਥਿਆਂ ਦੀਆਂ ਫੋਟੋਆਂ ਖਿੱਚਦੀ ਅਤੇ ਚੌਕੜਾ ਮਾਰ ਕੇ ਬੜੇ ਧਿਆਨ ਨਾਲ ਗੁਰਬਾਣੀ ਦਾ ਕੀਰਤਨ ਸਰਵਣ ਕਰ ਰਹੀ ਮੱਲੋ ਮੱਲੀ ਧਿਆਨ ਖਿੱਚ ਰਹੀ ਸੀ। ਸਮਾਗਮ ਦੀ ਸਮਾਪਤੀ ਸਮੇਂ ਗੁਰਮਤਿ ਸੰਗੀਤ ਦੀ ਪੜ੍ਹਾਈ ਕਰ ਰਹੇ ਮੇਰੇ ਇਕ ਵਿੱਦਿਆਰਥੀ ਨੇ ਦੱਸਿਆ ਜੇਨ, ਇਹ ਮੇਰੇ ਤਬਲੇ ਦੇ ਉਸਤਾਦ ਹਨ। ਸਤਿ ਸ੍ਰੀ ਅਕਾਲ ਦੀ ਸਾਂਝ ਸ਼ੁਰੂ ਹੋਣ ਤੋਂ ਬਾਦ ਵੀ ਵਿਚਾਰਾਂ ਦਾ ਅਦਾਨ ਪ੍ਰਦਾਨ ਕਰਦਿਆਂ ਇਉਂ ਮਹਿਸੂਸ ਹੋਇਆ ਪਤਾ ਨਹੀਂ ਕਦੋਂ ਦੇ ਇਕ ਦੂਸਰੇ ਨੂੰ ਜਾਣਦੇ ਹੋਈਏ। ਬੀਬੀ ਦਾ ਪੂਰਾ ਨਾ ਜੇਨ ਪਰੋਟੋਪੋਪਸ ਅਮਰੀਕਾ ਵਿਚ ਈਸਾਈ ਪਾਦਰੀ ਦੇ ਪਰਿਵਾਰ ਵਿਚ ਜਨਮੀ। ਪਾਦਰੀਆਂ ਵਿਚ ਇਹ ਸ੍ਰੇਣੀ ਮਨਿਸਟਰ ਆਫ ਮਿਊਜ਼ਿਕ ਦੀ ਦਸਦੇ ਹਨ ਜੋ ਚਰਚ ਵਿਚ ਸੰਗੀਤ ਵਜਾਇਆ ਕਰਦੇ ਹਨ। ਪਿਤਾ ਜੀ ਪਿਆਨੋ ਵਾਦਕ ਜੋ ਚਰਚ ਵਿਚ ਧਾਰਮਿਕ ਧੁਨਾਂ ਵਜਾਉਣ ਦੇ ਨਾਲ ਨਾਲ ਵੈਸਟ੍ਰਨ ਕਲਾਸੀਕਲ ਸੰਗੀਤ ਦੇ ਚੰਗੇ ਜਾਣਕਾਰ ਸਨ। ਬੱਚੀ ਜੇਨ ਨੂੰ ਬਚਪਨ ਵਿਚ ਹੀ ਪਿਆਨੋ ਦੀਆਂ ਤਾਰਾਂ 'ਚੋਂ ਨਿਕਲਿਆ ਸੰਗੀਤ ਅਨੰਦ ਦੇਣ ਲੱਗਾ ਅਤੇ ਬਾਲ ਹਿਰਦੇ ਵਿਚ ਬੀਜ ਰੂਪ ਵਿਚ ਪਿਆ ਆਪਣਾ ਅਸਰ ਵਿਖਾਉਣ ਲੱਗਾ।

ਪੜ੍ਹਾਈ ਪੂਰੀ ਕੀਤੀ ਤਾਂ ਜੋਨ ਨਾਂ ਦਾ ਸਾਥੀ ਮਿਲਿਆ ਭਾਰਤੀ ਸੰਗੀਤ ਦਾ ਦੀਵਾਨਾ। ਨੀਤੀ ਸ਼ਾਸਤਰ ਦਾ ਵਾਕ ਹੈ:

*ਆਸਾ ਇਸ਼ਟ ਉਪਾਸਨਾ ਖਾਨ ਪਾਨ ਪਹਿਰਾਨ।*
*ਇਹ ਖਟ ਲਛਣ ਜਹ ਮਿਲੇ ਤਾਂ ਮਿਤ੍ਰਤਾ ਜਾਨ।*

ਦੋਵੇਂ ਜੀ ਖਿੱਚੇ ਆਏ ਭਾਰਤ ਵੱਲ ਭਾਰਤੀ ਸੰਸਕ੍ਰਿਤੀ ਬਾਰੇ ਡੂੰਘਾਈ ਨਾਲ ਪੜ੍ਹਿਆ ਵੇਖਿਆ ਸਮਝਿਆ ਤੇ ਜਾਣਿਆ। ਜੋਨ ਸਿਤਾਰ ਦੀਆਂ ਤਰਬਾਂ ਵਿਚ ਗੁਆਚ ਕੇ ਮੰਨੂੰ ਸੇਨ ਸਿਤਾਰ ਵਾਦਕ ਦਾ ਸ਼ਾਗਿਰਦ ਹੋਇਆ ਅਤੇ ਲੱਗਿਆ ਰਿਆਜ਼ ਕਰਨ। ਜੇਨ ਦੇ ਮਨ ਦੀ ਭਟਕਣਾ ਉਸ ਨੂੰ ਲਈ ਫਿਰਦੀ ਰਹੀ। ਕਦੇ ਰਾਜਸਥਾਨ ਜੈਸਲਮੇਰ ਦੇ ਰੇਤੇ ਦੇ ਟਿੱਬਿਆਂ ਵਿਚ ਚੰਨ ਚਾਨਣੀ ਰਾਤਾਂ ਨੂੰ ਕਿ ਜੇਨ ਨੂੰ ਮਹਿਸੂਸ ਹੋਇਆ ਕਿ ਮੈਂ ਤਾਂ ਇਸ ਸੰਗੀਤ ਵਾਸਤੇ ਹਾਂ ਹੁਣ ਤਕ ਕਿਧਰ ਰਹੀ। ਕਦੇ ਰਾਜਸਥਾਨ ਕਦੇ ਬਨਾਰਸ ਭਾਵੇਂ ਇਕ ਭਾਸ਼ਾ ਇਨਸਾਨੀਅਤ ਦੀ ਵੀ ਹੈ ਪਰ ਫਿਰ ਵੀ ਆਪਣਾ ਕਹਿਣ ਤੇ ਅਗਲੇ ਦਾ ਕੁਝ ਸਮਝਣ ਲਈ ਕੁਝ ਬੋਲੀ ਦਾ ਆਉਣਾ ਜ਼ਰੂਰੀ ਹੈ । ਬਨਾਰਸ ਪੰਡਤਾਂ ਦਾ ਸ਼ਹਿਰ ਹੋਣ ਕਰਕੇ ਹਰੇਕ ਚਾਹੁੰਦਾ ਸੀ ਕਿ ਇਹ ਅਮਰੀਕਨ ਲੜਕੀ ਮੇਰੇ ਕੋਲ ਰਹੇ ਸੰਗੀਤ ਤੋਂ ਪਹਿਲਾਂ ਉਲਝਾ ਲਿਆ ਸੰਸਕ੍ਰਿਤ ਦੀ ਵਰਨਮਾਲਾ ਵਿਚ। ਦ੍ਰਿੜ ਇਰਾਦੇ ਵਾਲੇ ਲੋਕ ਤਾਂ ਪਹਾੜ ਚੀਰ ਕੇ ਨਹਿਰ ਵਹਾ ਲੈਂਦੇ ਹਨ। ਇਸੇ ਤਰ੍ਹਾਂ ਇਹ ਜੋੜੀ ਕਦੇ ਅਮਰੀਕਾ ਤੇ ਫਿਰ ਭਾਰਤ ਆਉਂਦੀ ਸੀ। ਜੇਨ ਨੇ ਵਧੀਆ ਹਿੰਦੀ ਬੋਲਣੀ ਸਿੱਖੀ। ਨਾਮੀ ਧਰੁਪਦ ਗਾਇਕ ਤ੍ਰਿਪਤੀ ਮਿਸ਼ਰਾ ਦੀ ਸ਼ਾਗਿਰਦ ਸ੍ਰੀਮਤੀ ਮੰਗਲਾ ਤੀਵਾਰੀ ਪਾਸੋਂ ਭਾਰਤੀ ਸੰਗੀਤ ਸਿੱਖਿਆ ਦੀ ਬਹੁਤ ਸਾਧਨਾ ਕੀਤੀ। ਸੁਰ ਅਤੇ ਤਾਲ ਦਾ ਗਿਆਨ ਪ੍ਰਾਪਤ ਕੀਤਾ। ਭਾਵੇਂ ਜੇਨ ਬਹੁਤ ਵਧੀਆ ਗਾ ਲੈਂਦੀ ਹੈ। ਪਰ ਉਸ ਦੇ ਕਹਿਣ ਅਨੁਸਾਰ ਮੇਰੇ ਮਨ ਨੂੰ ਤਸੱਲੀ ਨਹੀਂ ਆਈ। ਮਨ ਨੂੰ ਟਿਕਾਉ ਨਹੀਂ ਮਿਲਿਆ। ਇਉਂ ਲੱਗਦਾ ਰਿਹਾ ਜਿਵੇਂ ਅਜੇ ਮੇਰੀ ਮੰਜ਼ਿਲ ਨਹੀਂ ਆਈ। ਮੈਨੂੰ ਇਸ ਤਰ੍ਹਾਂ ਮਹਿਸੂਸ ਹੁੰਦਾ ਜਿਵੇਂ ਸੁਰ ਮੈਨੂੰ ਬੁਲਾ ਰਹੇ ਹਨ। ਲੋਕ ਤਪਸਿਆ ਤੋਂ ਡਰਦੇ ਹਨ। ਇਹ ਬੜਾ ਕਠਿਨ ਰਸਤਾ ਹੈ। ਅੱਜ ਦੇ ਲੋਕ ਸੁਣਨਾ ਵੀ ਨਹੀਂ ਜਾਣਦੇ, ਕਿਉਂ ਸੁਣੀਏ ਤੇ ਕੀ ਸੁਣੀਏ। ਸੁਰ ਦੀ ਵੀ ਇਕ ਗੰਧ ਹੁੰਦੀ ਹੈ। ਜਿਸ ਤਰ੍ਹਾਂ ਮਨੁੱਖ ਨੇ ਸਾਰਾ ਵਾਯੂ ਮੰਡਲ ਦੂਸ਼ਤ ਕਰ ਦਿੱਤਾ ਹੈ। ਇਸ ਤਰ੍ਹਾਂ ਬੇਸੁਰਾ ਅਤ ਹਲਕਾ ਗਾ ਕੇ ਅਤੇ ਸੁਣ ਕੇ ਜਦੋਂ ਇਹ ਸੁਰ ਗੰਧ ਵੀ ਦੂਸ਼ਤ ਹੋ ਜਾਵੇਗੀ ਤਾਂ ਇਹ ਮਨੁੱਖ ਦੇ ਅੰਦਰ ਜਾ ਕੇ ਬੀਮਾਰ ਕਰੇਗੀ ਤਾਂ ਹੀ ਅੱਜ ਹਰ ਮਨੁੱਖ

ਮਾਨਸਿਕ ਤੌਰ 'ਤੇ ਰੋਗੀ ਹੈ।

ਜੇਨ ਨੇ ਇਕ ਵਾਰ ਭਾਈ ਬਲਜੀਤ ਸਿੰਘ ਨਾਮਧਾਰੀ ਪਾਸੋਂ ਗੁਰਬਾਣੀ ਕੀਰਤਨ ਸੁਣਿਆ ਤਾਂ ਮਨ ਦੇ ਕਿਵਾੜ ਖੁੱਲ੍ਹ ਗਏ। ਮਨ ਮੰਨ ਗਿਆ ਇਹ ਤੇਰੀ ਮੰਜ਼ਿਲ ਹੈ। ਬਨਾਰਸ ਛੱਡ ਕੇ ਆ ਵਸੀ ਪੰਜਾਬ। ਗੁਰੂ ਕੀ ਨਗਰੀ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕਰਨ ਉਪਰੰਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਡਾ. ਗੁਰਨਾਮ ਸਿੰਘ ਦੀ ਯੋਗ ਅਗਵਾਈ ਵਿਚ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਨੂੰ ਆਪਣੀ ਤੀਖਣ ਬੁੱਧੀ ਨਾਲ ਸਮਝਣ ਹਿਤ ਦੱਸੀ ਗਈ ਹਰ ਇਕ ਗੱਲ ਆਪਣੀ ਡਾਇਰੀ ਅਤੇ ਕੈਮਰੇ ਵਿਚ ਕਲਿਕ ਕਰਨ ਲਈ ਦੇਰ ਨਹੀਂ ਲਾਉਂਦੀ। ਮਤਾਂ ਕਿਤੇ ਚੇਤੇ ਵਿਚੋਂ ਵਿਸਰ ਜਾਵੇ।

ਮੇਰੇ ਵਲੋਂ ਸੰਗਰੂਰ ਵਿਖੇ ਗੁਰਪੁਰਬ ਮੌਕੇ ਸੰਗਤਾਂ ਨੂੰ ਕੀਰਤਨ ਸੁਣਾਉਣ ਦੀ ਕੀਤੀ ਪੇਸ਼ਕਸ਼ ਨੂੰ ਖਿੜੇ ਮੱਥੇ ਪ੍ਰਵਾਨ ਕਰਕੇ ਦਿੱਤੇ ਸਮੇਂ ਤੇ ਆਪਣੇ ਸਾਜ਼ੋ ਸਮਾਨ ਤਾਨਪੁਰਾ ਮੂਵੀ ਕੈਮਰੇ ਲੈ ਕੇ ਹਾਜਰ ਹੋਈ, ਮੇਰੀ ਖੁਸ਼ੀ ਦਾ ਟਿਕਾਣਾ ਨਾ ਰਿਹਾ। ਦਰਬਾਰ ਸਾਹਿਬ ਤੋਂ ਆਏ ਲੋਕਲ ਰਾਗੀ ਅਤੇ ਢਾਡੀ ਜਥਿਆਂ ਦਾ ਸਾਰਾ ਪ੍ਰੋਗਰਾਮ ਸੁਣਿਆ ਅਤੇ ਰਿਕਾਰਡ ਕੀਤਾ। ਸੰਗਤਾਂ ਨਾਲ ਭਰੇ ਹਾਲ ਵਿਚ ਜਿਉਂ ਹੀ ਸਟੇਜ ਤੇ ਸ਼ਬਦ ਗਾਇਨ ਕਰਨ ਲਈ ਸਟੇਜ ਤੇ ਬੈਠੀ ਦੋ ਸ਼ਬਦ ਇਕ ਰਾਗ ਆਸਾ ਅਤੇ ਰਾਮਕਲੀ ਵਿਚ ਤੀਨ ਤਾਲ ਅਤੇ ਦੀਪ ਚੰਦੀ ਤਾਲਾਂ ਵਿਚ ਗਾਏ। ਮੈਂ ਤਾਂ ਸੁਣ ਕੇ ਹੈਰਾਨ ਰਹਿ ਗਿਆ ਚੰਗੇ ਰਾਗੀਆਂ ਨਾਲੋਂ ਵਧੀਆ ਗਾਏ। ਅਭਿਆਸ ਛੱਡ ਦੇਣ ਦਾ ਅਹਿਸਾਸ ਮੈਨੂੰ ਜੇਨ ਨਾਲ ਤਬਲੇ ਦੀ ਸੰਗਤ ਕਰਨ ਤੇ ਮਹਿਸੂਸ ਹੋਇਆ। ਸੰਗਤ ਵਲੋਂ ਬੇਅੰਤ ਮਾਇਆ ਕੀਰਤਨ ਭੇਟ ਦਿੱਤੀ ਜੇਨ ਨੇ ਸਾਰੀ ਗੁਰੂ ਗੋਲਕ ਵਿਚ ਪਾ ਦਿੱਤੀ ਪ੍ਰਬੰਧਕਾਂ ਵਲੋਂ ਸਿਰੋਪਾ ਭੇਟ ਕੀਤਾ ਗਿਆ। ਜੇਨ ਮਨੁੱਖੀ ਗੁਣਾਂ ਨਾਲ ਭਰਪੂਰ ਸਾਰੇ ਬੱਚੇ ਬੱਚੀਆਂ ਬੀਬੀਆਂ ਮਾਈਆਂ ਨਾਲ ਘੁਲ ਮਿਲ ਗਈ ਕੋਈ ਓਪਰਾ ਜਾਂ ਬਿਗਾਨਾ ਪਨ ਨਹੀਂ।

ਗੱਲਾਂ ਕਰਦਿਆਂ ਜੇਨ ਨੇ ਮੈਨੂੰ ਦੱਸਿਆ ਕਿ ਕੁਝ ਦਿਨ ਹੋਏ ਮੈਂ ਇਕ ਐਕਸੀਡੈਂਟ ਵੇਖਿਆ ਜਿਸ ਵਿਚ ਇਕ ਲੜਕਾ ਬੱਸ 'ਚੋਂ ਗਿਰ ਗਿਆ, ਜਿਸ ਦੇ ਸਿਰ ਵਿਚ ਸੱਟ ਲੱਗੀ ਨੂੰ ਕਿਸੇ ਨਹੀਂ ਚੁੱਕਿਆ। ਜੇਨ ਦੇ ਕਹਿਣ 'ਤੇ ਉਸ ਨੂੰ ਹਸਪਤਾਲ ਪਹੁੰਚਾਇਆ ਗਿਆ। ਜੇਨ ਦੋ ਵਾਰ ਉਸ ਦਾ ਪਤਾ ਲੈਣ ਲਈ ਆਈ। ਸਰਕਾਰੀ ਹਸਪਤਾਲ ਵਿਚ ਉਸਦਾ ਇਲਾਜ ਠੀਕ ਨਹੀਂ ਸੀ ਹੋ ਰਿਹਾ। ਉਸ ਦੀ ਹਾਲਤ ਵਿਗੜ ਰਹੀ ਸੀ, ਬੱਚੇ ਦੇ ਮਾ-ਬਾਪ ਗਰੀਬ ਸਨ। ਜੇਨ ਦੇ ਕਹਿਣ ਤੇ ਬੱਚੇ ਨੂੰ ਰਜਿੰਦਰ ਹਸਪਤਾਲ ਪਟਿਆਲੇ ਭੇਜ ਦਿੱਤਾ। ਉਸ ਬਾਰੇ ਗੱਲ ਕਰਦਿਆਂ ਕਰਦਿਆਂ ਕਈ ਵਾਰ ਜੇਨ ਦੀਆਂ ਅੱਖਾਂ ਵਿਚੋਂ ਅੱਥਰੂ ਆਏ ਉਹ ਦਸ ਰਹੀ ਸੀ ਕਿ ਉਹ ਬੱਚਾ ਬੜਾ ਸ਼ਰਾਰਤੀ ਹੈ।

ਬੜਾ ਪਿਆਰਾ ਬੱਚਾ ਹੈ ਮੈਂ ਉਸ ਦੇ ਚਿਹਰੇ ਤੋਂ ਮਮਤਾ ਝਲਕਦੀ ਸਾਫ਼ ਵੇਖ ਰਿਹਾ ਸਾਂ। ਉਹ ਭਾਵੁਕ ਹੋਈ ਕਹਿ ਰਹੀ ਸੀ ਕਿ ਉਹ ਠੀਕ ਹੋ ਗਿਆ ਤਾਂ ਤੁਸੀਂ ਉਸ ਨੂੰ ਤਬਲਾ ਸਿਖਾਇਓ। ਤੁਹਾਡੀ ਸੰਗਤ ਵਿਚ ਉਹ ਸ਼ਰਾਰਤੀ ਨਹੀਂ ਰਹੇਗਾ। ਮੈਂ ਬੱਚੇ ਦੀ ਤੰਦਰੁਸਤੀ ਲਈ ਅਰਦਾਸ ਕਰਦਿਆਂ ਸਹਿਮਤੀ ਦਿੱਤੀ। ਮੈਂ ਹੈਰਾਨ ਹਾਂ ਕਿ ਇਹ ਔਰਤ ਦਾ ਦਿਲ ਕਿੰਨਾ ਮਮਤਾ ਨਾਲ ਭਰਿਆ ਹੋਇਆ ਹੈ। ਕਿੰਨੀ ਮੋਹ ਦੀਆਂ ਤੰਦਾਂ ਪਸਾਰ ਰਹੀ ਹੈ। ਜੇਨ ਕਹਿੰਦੀ ਹੈ ਕਿ ਮੈਂ ਗੁਰਬਾਣੀ ਸੰਗੀਤ ਵਿਚ ਡੁਬ ਜਾਣਾ ਚਾਹੁੰਦੀ ਹਾਂ। ਗੁਰਮਤਿ ਸੰਗੀਤ ਦੀਆਂ ਝੋਲੀਆਂ ਭਰਕੇ ਆਪਣੇ ਦੇਸ਼ ਵਿਚ ਆਪਣੇ ਵਰਗੇ ਹੋਰ ਸਾਰਿਆਂ ਨੂੰ ਵੰਡਣਾ ਚਾਹੁੰਦੀ ਹਾਂ। ਤਾਂ ਕਿ ਕੋਈ ਵੀ ਤਲਬਗਾਰ ਗੁਰੂ ਨਾਨਕ ਦੀ ਦਾਤ ਤੋਂ ਵਾਂਝਾ ਨਾ ਰਹੇ। ਵਾਹਿਗੁਰੂ ਉਸ ਦੀਆਂ ਸ਼ੁਭ ਇੱਛਾਵਾਂ ਦੀ ਪੂਰਤੀ ਕਰੇ । ਗੁਰੂ ਨਾਨਕ ਦੇ ਦਰ ਤੋਂ ਕੋਈ ਖਾਲੀ ਨਹੀਂ ਜਾਂਦਾ। ਇਹ ਉਸਦਾ ਵਿਸ਼ਵਾਸ ਹੈ।

*ਗੁਰਮਤਿ ਸੰਗੀਤ ਵਿਦਿਆਲਾ, ਸੰਗਰੂਰ*

# ਸੁਰ ਲਿਪੀ

ਹਰਦੀਪ ਕੌਰ

***ਰਾਗੁ ਬੈਰਾੜੀ***

ਇਹ ਇਕ ਅਪ੍ਰਚਲਿਤ, ਕਠਿਨ, ਗੰਭੀਰ ਅਤੇ ਅਲਾਪ ਪ੍ਰਧਾਨ ਰਾਗ ਹੋਣ ਕਾਰਨ ਕੇਵਲ ਉਚ ਕੋਟੀ ਦੇ ਗਾਇਕ ਹੀ ਇਸ ਰਾਗ ਨੂੰ ਗਾ ਸਕਦੇ ਹਨ। ਸੰਗੀਤ ਸ਼ਾਸਤਰੀਆਂ ਦੇ ਮੱਤ ਅਨੁਸਾਰ ਤੋੜੀ, ਤ੍ਰਿਵੇਣੀ ਅਤੇ ਦੇਸ਼ਕਾਰ ਦੇ ਮਧੁਰ ਸੰਜੋਗ ਤੋਂ ਬੈਰਾੜੀ ਰਾਗ ਦੀ ਰਚਨਾ ਹੋਈ ਹੈ। ਇਸ ਦਾ ਥਾਟ ਮਾਰਵਾ ਹੈ ਅਤੇ ਇਸ ਦੇ ਸਰੂਪ ਵਿਚ ਰਿਸ਼ਭ ਕੋਮਲ, ਮਧਿਅਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ, ਜਾਤੀ ਵਕਰ ਸੰਪੂਰਣ ਹੈ। ਵਾਦੀ ਸੁਰ ਗੰਧਾਰ ਅਤੇ ਸੰਵਾਦੀ ਧੈਵਤ ਹੈ। ਇਸ ਦੇ ਗਾਉਣ ਦਾ ਸਮਾਂ ਦਿਨ ਦਾ ਚੌਥਾ ਪਹਿਰ ਹੈ। ਇਸ ਵਿਚ ਗੰਧਾਰ ਅਤੇ ਪੰਚਮ ਦੀ ਸੰਗਤਿ ਬਹੁਤ ਰੰਜਕਤਾ ਪੈਦਾ ਕਰਦੀ ਹੈ।

***ਥਾਟ*** - ਮਾਰਵਾ ('ਰੁ' ਕੋਮਲ ਅਤੇ ਮੰ ਤੀਵਰ)

***ਜਾਤੀ*** - ਵਕਰ-ਸੰਪੂਰਣ

***ਸਮਾਂ*** - ਸੰਧਿਆ ਸਮਾਂ (ਦਿਨ ਦਾ ਚੌਥਾ ਪਹਿਰ) ***ਵਾਦੀ*** - ਗ ***ਸੰਵਾਦੀ*** - ਧ

***ਆਰੋਹ*** - ਨ਼ ਰੁ ਗ ਪ, ਮੰ ਗ ਮੰ ਧ ਸਂ। ***ਅਵਰੋਹ*** - ਸਂ ਨ ਧ ਪ ਮੰ ਗ, ਪ ਗ, ਰੁ ਸ।

***ਮੁੱਖ ਅੰਗ*** - ਪ ਧ ਗ, ਮੰ ਧ, ਮੰ ਗ, ਮੰ ਰੁ ਗ, ਰੁ ਸ।

ਤੀਨ ਤਾਲ

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| X | | | | 2 | | | | 0 | | | | 3 | | | |
| ਸਥਾਈ | | | | | | | | | | | | | | | |
| | | | | | | | | ਪ | ਪ | ਧ | ਗ | ਪ | - | ਪ | - |
| | | | | | | | | *ਮ* | *ਨ* | *ਮਿ* | *ਲਿ* | *ਸੰ* | *S* | *ਤ* | *ਜ* |
| | | | | | | | | P | P | D | G | P | - | P | - |
| | | | | | | | | *MA* | *N* | *MI* | *L* | *SAN* | - | *T* | *JA* |
| ਮੰ | ਧ | ਮੰ | ਗ | ਰੁ | ਰੁ | ਸ | ਸ | ਨ਼ | ਰੁ | ਗ | ਗ | ਪ | - | ਪ | - |
| *ਨਾ* | *S* | *ਜ* | *ਸੁ* | *ਗਾ* | *S* | *ਇ* | *ਓ* | *ਹ* | *ਰਿ* | *ਹ* | *ਰਿ* | *ਰ* | *ਤ* | *ਨੁ* | *ਰ* |
| M | D | M | G | R | R | S | S | N | R | G | G | P | - | P | - |
| *NAA* | - | *JA* | *S* | *GAA* | - | *I* | *O* | *HA* | *R* | *HA* | *R* | *RA* | *TA* | *N* | *RA* |

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਗ | ਗ | ਮ̍ | ਗ | ਰੁ | ਰੁ | ਗ | - | ਪ | ਪ | ਧ | ਗ | ਪ | - | ਪ | - |
| ਤ | ਨੁ | ਹ | ਰਿ | ਨੀ | ऽ | ਕੋ | ऽ | ਗੁ | ऽ | ਰਿ | ऽ | ਸ | ਤਿ | ਗੁ | ਰਿ |
| G | G | M̍ | G | R̲ | R̲ | G | - | P | P | D | G | P | - | P | - |
| *TA* | *N* | *HA* | *R* | *NEE* | *-* | *KO* | *-* | *GU* | *-* | *R* | *-* | *SA* | *T* | *GU* | *R* |
| ਮ̍ | ਧ | ਮ̍ | ਗ | ਰੁ | ਰੁ | ਸ | - | | | | | | | | |
| ਦਾ | ऽ | ਨੁ | ਦਿ | ਵਾ | ऽ | ਇ | ਓ | | | | | | | | |
| M̍ | D | M̍ | G | R̲ | R̲ | S | - | | | | | | | | |
| *DAA* | *-* | *N* | *DI* | *VAA* | *-* | *I* | *O* | | | | | | | | |

**ਅੰਤਰਾ**

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | | ਮ̍ | ਧ | ਮ̍ | ਗ | ਮ̍ | - | ਧ | - |
| | | | | | | | | ਤਿ | ਸੁ | ਜ | ਨੁ | ਕ | ਉ | ਮ | ਨੁ |
| | | | | | | | | M̍ | D | M̍ | G | M̍ | - | D | - |
| | | | | | | | | *TI* | *S* | *JA* | *N* | *KA* | *O* | *MA* | *N* |
| ਸਂ | - | ਸਂ | - | ਰੁਂ | ਗਂ | ਰੁਂ | ਸਂ | ਸਂ | ਰੁਂ | ਨ | ਪ | ਗ | - | ਪ | - |
| ਤ | ਨੁ | ਸ | ਭੁ | ਦੇ | ऽ | ਵ | ਉ | ਜਿ | ऽ | ਨਿ | ऽ | ਹ | ਰਿ | ਹ | ਰਿ |
| Ṡ | - | Ṡ | - | Ṙ̲ | Ġ | Ṙ̲ | Ṡ | Ṡ | Ṙ̲ | N | P | G | - | P | - |
| *TA* | *N* | *SA* | *BH* | *DAY* | *-* | *VA* | *O* | *JI* | *-* | *N* | *-* | *HA* | *R* | *HA* | *R* |
| ਮ̍ | ਧ | ਮ̍ | ਗ | ਰੁ | ਰੁ | ਸ | - | | | | | | | | |
| ਨਾ | | ਮੁ | ਸੁ | ਨਾ | ऽ | ਇ | ਓ | | | | | | | | |
| M̍ | D | M̍ | G | R̲ | R̲ | S | - | | | | | | | | |
| *NAA* | *-* | *M* | *SU* | *NAA* | *-* | *I* | *O* | | | | | | | | |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਹਰਦੀਪ ਕੌਰ

**ਬੈਰਾੜੀ ਮਹਲਾ ੪ ॥**

| | | |
|---|---|---|
| **ਮਨ ਮਿਲਿ ਸੰਤ ਜਨਾ ਜਸੁ ਗਾਇਓ ॥ ਹਰਿ ਹਰਿ ਰਤਨੁ ਰਤਨੁ ਹਰਿ ਨੀਕੋ ਗੁਰਿ ਸਤਿਗੁਰਿ ਦਾਨੁ ਦਿਵਾਇਓ ॥੧॥ ਰਹਾਉ ॥** | O Mind, those who meet the Lord's humble servants, sing His Praises. They are blessed with the gift of the jewel of the Lord, Har, Har, the sublime jewel of the Lord, by the Guru, the True Guru.\|\|1\|\| Pause\|\| | ਹੇ ਮਨ! ਗੁਰੂ ਨੇ ਸਤਿਗੁਰੂ ਨੇ (ਜਿਸ ਮਨੁੱਖ ਨੂੰ ਪਰਮਾਤਮਾ ਪਾਸੋਂ) ਪਰਮਾਤਮਾ ਦਾ ਰਤਨ ਨਾਮ ਕੀਮਤੀ ਨਾਮ ਬਖ਼ਸ਼ਸ਼ ਵਜੋਂ ਦਿਵਾ ਦਿੱਤਾ, ਉਸ ਨੇ ਸੰਤ ਜਨਾਂ ਨਾਲ ਮਿਲ ਕੇ ਪਰਮਾਤਮਾ ਦੀ ਸਿਫ਼ਤਿ-ਸਾਲਾਹ ਕਰਨੀ ਸ਼ੁਰੂ ਕਰ ਦਿੱਤੀ।੧॥ ਰਹਾਉ। |
| **ਤਿਸੁ ਜਨ ਕਉ ਮਨੁ ਤਨੁ ਸਭੁ ਦੇਵਉ ਜਿਨਿ ਹਰਿ ਹਰਿ ਨਾਮੁ ਸੁਨਾਇਓ ॥ ਧਨੁ ਮਾਇਆ ਸੰਪੈ ਤਿਸੁ ਦੇਵਉ ਜਿਨਿ ਹਰਿ ਮੀਤੁ ਮਿਲਾਇਓ ॥੧॥** | I offer my mind, body and everything to that humble being who recites the Name of the Lord, Har, Har. I offer my wealth, the riches of Maya and my property to that one who leads me to meet the Lord, my friend. \|\|1\|\| | ਹੇ ਮਨ! ਮੈਂ ਉਸ ਮਨੁੱਖ ਨੂੰ ਆਪਣਾ ਮਨ ਤਨ ਸਭ ਕੁਝ ਭੇਟਾ ਕਰਦਾ ਹਾਂ, ਧਨ-ਪਦਾਰਥ ਮਾਇਆ ਉਸ ਦੇ ਹਵਾਲੇ ਕਰਦਾ ਹਾਂ, ਜਿਸ ਨੇ (ਮੈਨੂੰ) ਪਰਮਾਤਮਾ ਦਾ ਨਾਮ ਸੁਣਾਇਆ ਹੈ, ਜਿਸ ਨੇ (ਮੈਨੂੰ) ਮਿੱਤਰ ਪ੍ਰਭੂ ਮਿਲਾਇਆ ਹੈ।੧। |
| **ਖਿਨੁ ਕਿੰਚਿਤ ਕ੍ਰਿਪਾ ਕਰੀ ਜਗਦੀਸਰਿ ਤਬ ਹਰਿ ਹਰਿ ਹਰਿ ਜਸੁ ਧਿਆਇਓ ॥ ਜਨ ਨਾਨਕ ਕਉ ਹਰਿ ਭੇਟੇ ਸੁਆਮੀ ਦੁਖੁ ਹਉਮੈ ਰੋਗੁ ਗਵਾਇਓ ॥੨॥੨॥** (ਪੰਨਾ 719) | When the Lord of the world bestowed just a tiny bit of His mercy, for just an instant, then I meditated on the Praise of the Lord, Har, Har, Har. The Lord and Master has met servant Nanak, and the pain of the sickness of egotism has been eliminated. \|\|2\|\|2\|\| | ਹੇ ਮਨ! ਜਗਤ ਦੇ ਮਾਲਕ ਪ੍ਰਭੂ ਨੇ ਜਦੋਂ (ਕਿਸੇ ਸੇਵਕ ਉਤੇ ) ਇਕ ਪਲ ਭਰ ਲਈ ਥੋੜੀ ਜਿਤਨੀ ਭੀ ਮੇਹਰ ਕਰ ਦਿੱਤੀ, ਉਸ ਨੇ ਤਦੋਂ ਪਰਮਾਤਮਾ ਦੀ ਸਿਫਤਿ ਸਾਲਾਹ ਕਰਨੀ ਸ਼ੁਰੂ ਕਰ ਦਿੱਤੀ। ਹੇ ਨਾਨਕ! ਜਿਸ ਮਨੁੱਖ ਨੂੰ ਮਾਲਕ-ਪ੍ਰਭੂ ਜੀ ਮਿਲ ਪਏ, ਉਸ ਦਾ ਹਰੇਕ ਦੁੱਖ (ਤੇ) ਹਉਮੈ ਦਾ ਰੋਗ ਦੂਰ ਹੋ ਗਿਆ।੨।੨। |